# ਪੁਰੁਸ਼ਾਂ ਨੂੰ ਮਹੱਤਵਪੂਰਨ ਸੁਨਹਿਰੀ ਨਿਰਦੇਸ਼

## ਖ਼ੁਤਬਾ ਜੁਮਆ

(19 ਮਈ 2017 ਈ.)

ਫ਼ਰਮਾਨ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ

ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ

# ਪੁਰਸ਼ਾਂ ਨੂੰ ਮਹਤੱਵਪੂਰਨ
# ਸੁਨਹਿਰੀ ਨਿਰਦੇਸ਼

## ਖ਼ੁਤਬਾ ਜੁਮਆ

**(19 ਮਈ 2017 ਈ.)**

### ਫ਼ਰਮਾਨ


**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ**

**ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ**

مردوں کو اہم زرّیں نصائح

خطبہ جمعہ : سیدنا حضرت امیر المومنین خلیفۃالمسیح الخامس ایدہ اللہ تعالیٰ

# ਪੁਰਸ਼ਾਂ ਲਈ ਮਹਤੱਵਪੂਰਨ ਸੁਨਹਿਰੀ ਨਿਰਦੇਸ਼

## ਖ਼ੁਤਬਾ ਜੁਮਆ 19 ਮਈ 2017 ਈ.

ਫ਼ਰਮਾਨ : **ਹਜ਼ਰਤ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ**

ਪੰਜਾਬੀ ਅਨੁਵਾਦ : ਗਿਆਨੀ ਸ਼ਮਸ਼ਾਦ ਅਹਮਦ ਅਦਨ

ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ, ਸਦਰ ਅਜੁੰਮਨ ਅਹਮਦੀਆ ਕਾਦੀਆਂ-143516, ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ

ਸੰਸਕਰਣ ਪਹਿਲਾ : ਫ਼ਰਵਰੀ 2018

ਗਿਣਤੀ : 500

ਛਾਪਕ : ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ

Name of Book :
**PURUSHAN LAYEE MAHATAVPOORN SUNEHRI NIRDESH**
**Khutba Jumma 19th May 2017**

BY : **Hazrat Khalifatul Masih Khamis[aba]**

Punjabi Translation By
: **Giani Shamshad Ahmad Eden**

Published By : Nazarat Nashro Ishaat
Sadr Anjuman Ahmadiyya Qadian-143516,
District-Gurdaspur, Punjab (INDIA)

Eddition First : FEB. 2018

Copies : 500

بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

مردوں کو اہم زرّیں نصائح

# ਪੁਰਸ਼ਾਂ ਲਈ ਮਹੱਤਵਪੂਰਨ ਸੁਨਹਿਰੀ ਨਿਰਦੇਸ਼

ਇਸਲਾਮ ਦੀ ਸਿੱਖਿਆ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਉਤਰੀ ਸਾਡੇ ਹਰ ਮਾਮਲੇ ਵਿੱਚ ਮਾਰਗ ਦਰਸ਼ਨ ਕਰਦੀ ਹੈ । ਜੇਕਰ ਸਾਡੇ ਵਿੱਚੋਂ ਹਰ ਇਕ ਇਸ ਸਿੱਖਿਆ ਉਪੱਰ ਅਮਲ ਕਰਨ ਵਾਲਾ ਬਣ ਜਾਵੇ ਤਾਂ ਇਕ ਸੁੰਦਰ ਸਮਾਜ ਸਥਾਪਤ ਹੋ ਸਕਦਾ ਹੈ ।

ਪੁਰਸ਼ ਦੀ ਘਰ ਦਾ ਮੁਖੀ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ, ਪੁਰਸ਼ ਦੀ ਪਤੀ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ, ਪੁਰਸ਼ ਦੀ ਪਿਤਾ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ ਫਿਰ ਸੰਤਾਨ ਪੱਖੋਂ ਵੀ ਜ਼ਿੱਮੇਦਾਰੀ ਹੈ। ਜੇਕਰ ਹਰ ਪੁਰਖ ਇਹਨਾ ਜ਼ਿੱਮੇਦਾਰੀਆਂ ਨੂੰ ਸਮਝ ਲਏ ਅਤੇ ਇਹਨਾਂ ਨੂੰ ਪੂਰਾ ਕਰਨ ਦਾ ਜਤਨ ਕਰੇ ਤਾਂ ਇਹੋ ਸਮਾਜ ਦੇ ਵਿਸਤ੍ਰਤ ਅਮਨ ਦੀ ਸਥਾਪਨਾ ਦਾ ਅਤੇ ਪ੍ਰੇਮ ਤੇ ਭਾਈ ਚਾਰੇ ਦਾ ਸਾਧਨ ਬਣ ਜਾਂਦਾ ਹੈ। ਇਹੋ ਗਲੱਾਂ ਸੰਤਾਨ ਦੀ ਸੀਖ ਸਿੱਖਿਆ (ਤਰਬੀਯਤ) ਦਾ ਸਾਧਨ ਬਣਕੇ ਸ਼ਾਂਤੀ ਭਰਪੂਰ ਤੇ ਮਾਨਵੀ ਅਧਿਕਾਰਾਂ ਦੀ ਸਥਾਪਨਾ ਕਰਨ ਵਾਲੀ ਨਸਲ ਦੇ ਫੈਲਣ ਦਾ ਸਾਧਨ ਬਣ ਜਾਂਦੀ ਹੈ। ਘਰਾਂ ਦੇ ਸਕੂਨ ਇਹਨਾਂ ਗਲੱਾਂ ਨਾਲ ਸਥਾਪਤ ਹੋ ਜਾਂਦੇ ਹਨ।

# ਕੁਰਆਨ ਕਰੀਮ, ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀਆਂ ਹਦੀਸਾ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਨ ਅਤੇ ਜੀਵਨ ਸ਼ੈਲੀ ਦੇ ਚਾਨ੍ਹਣੇ ਵਿੱਚੋਂ ਪੁਰਸ਼ਾਂ ਨੂੰ ਅਤਿਅੰਤ ਸੁਨਹਿਰੀ ਨਿਰਦੇਸ਼

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦਾ ਜੁਮਏ ਦੇ ਖ਼ੁਤਬਾ ਜੋ ਆਪ ਜੀ ਨੇ 19 ਮਈ 2017 ਈ. (ਬਮੁਤਾਬਕ 19 ਹਿਜਰਤ 1396 ਹਿਜਰੀ ਸ਼ਮਸੀ) ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ (U.K.) ਵਿੱਚ ਦਿੱਤਾ ।**

اَشْهَدُ اَنْ لَّا اِلٰهَ اِلَّا اللّٰهُ وَحْدَهٗ لَا شَرِيْكَ لَهٗ وَاَشْهَدُ اَنَّ مُحَمَّدًا عَبْدُهٗ وَرَسُوْلُهٗ اَمَّا بَعْدُ
فَاَعُوْذُ بِاللّٰهِ مِنَ الشَّيْطٰنِ الرَّجِيْمِ-
بِسْمِ اللّٰهِ الرَّحْمٰنِ الرَّحِيْمِ
اَلْحَمْدُ لِلّٰهِ رَبِّ الْعٰلَمِيْنَ-الرَّحْمٰنِ الرَّحِيْمِ-مٰلِكِ يَوْمِ الدِّيْنِ-اِيَّاكَ نَعْبُدُ وَاِيَّاكَ نَسْتَعِيْنُ-اِهْدِنَا الصِّرَاطَ الْمُسْتَقِيْمَ-صِرَاطَ الَّذِيْنَ اَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ

ਇਸਲਾਮ ਦੀ ਸਿੱਖਿਆ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਉਤਰੀ ਸਾਡੇ ਹਰ ਮਾਮਲੇ ਵਿੱਚ ਮਾਰਗ ਦਰਸ਼ਨ ਕਰਦੀ ਹੈ । ਜੇਕਰ ਸਾਡੇ ਵਿੱਚੋਂ ਹਰ ਇਕ ਇਸ ਸਿੱਖਿਆ ਉਪੱਰ ਅਮਲ ਕਰਨ ਵਾਲਾ ਬਣ ਜਾਵੇ ਤਾਂ ਇਕ ਸੁੰਦਰ ਸਮਾਜ ਸਥਾਪਤ ਹੋ ਸਕਦਾ ਹੈ । ਅੱਜ ਗ਼ੈਰ ਮੁਸਲਿਮ ਦੁਨੀਆ ਜੋ ਇਸਲਾਮ ਉਪੱਰ ਅਤੇ ਮੁਸਲਮਾਨਾ ਦੇ ਅਮਲਾਂ ਉਪੱਰ ਇਤਰਾਜ਼

ਕਰਦੇ ਹਨ ਇਸ ਇਤਰਾਜ਼ ਦੀ ਥਾਂ ਇਹ ਲੋਕ ਇਸਲਾਮ ਦੀ ਸਿੱਖਿਆ ਉਪੱਰ ਸਹੀ ਢੰਗ ਵਿੱਚ ਅਮਲ ਕਰਨ ਕਰਕੇ ਮੁਸਲਮਾਨਾ ਦੇ ਨਮੂਨਿਆਂ ਦੀ ਉਧਾਰਣ ਦੇਕੇ ਇਸਲਾਮ ਦੇ ਸ਼ਰਧਾਲੂ ਹੋ ਜਾਂਦੇ ਹਨ । ਕੁਰਆਨ ਕਰੀਮ ਵਿੱਚ ਅਸੰਖ ਆਦੇਸ਼ ਹਨ ਪਰ ਇਹਨਾ ਸਾਰਿਆਂ ਨੂੰ ਇਕ ਥਾਂ ਇਕ ਵਾਕ ਵਿੱਚ ਰੱਬ ਨੇ ਇਕਤੱਰ ਕਰਕੇ ਇਹ ਕਹਿ ਦਿਤੱਾ ਕਿ ( لَقَدْ كَانَ لَكُمْ فِي رَسُولِ اللهِ أُسْوَةٌ حَسَنَةٌ) 'ਲਕਦ ਕਾਨਾ ਲਕੁਮ ਫ਼ੀ ਰਸੂਲੁਲੱਾਹਿ ਉਸਵਾਤੁਨ ਹਾਸਾਨਾਤੁਨ' (ਅਲ ਅਹਜ਼ਾਬ 22) ਕਿ ਨਿਸ਼ਚੇ ਹੀ ਤੁਹਾਡੇ ਲਈ ਅਲੱਾਹ ਦੇ ਰਸੂਲ ਵਿੱਚ ਨੇਕ ਨਮੂਨਾ ਹੈ ਅਤੇ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲਮ ਦਾ ਸਾਰਾ ਜੀਵਨ ਘਰ ਤੋਂ ਸਮਾਜਕ ਸੰਬੰਧਾਂ ਤੱਕ ਕੁਰਆਨ ਕਰੀਮ ਦੇ ਸਾਰਿਆਂ ਆਦੇਸ਼ਾਂ ਉਪੱਰ ਅਮਲ ਕਰਨ ਵਾਲਾ ਸੀ । ਪਰ ਬਦਕਿਸਮਤੀ ਨਾਲ ਬਹੁਤੇ ਮੁਸਲਮਾਨ ਇਸ ਆਦੇਸ਼ ਨੂੰ ਪੜ੍ਹਦੇ ਤਾਂ ਹਨ, ਇਸ ਗੱਲ ਨੂੰ ਬਹੁਤ ਸਨਮਾਨ ਨਾਲ ਦੇਖਦੇ ਵੀ ਹਨ ਪਰ ਇਸ'ਤੇ ਅਮਲ ਕਰਨ ਸਮੇਂ ਇਸ ਨੂੰ ਅੱਖੋਂ ਓਹਲੇ ਕਰ ਦਿਤੱਾ ਜਾਂਦਾ ਹੈ। ਸੋ, ਵਾਸਤਵਿਕ ਸਫ਼ਲਤਾ ਉਸੇ ਸਮੇਂ ਹੋ ਸਕਦੀ ਹੈ ਜੱਦ ਅਸੀਂ ਹਰ ਮਾਮਲੇ ਵਿੱਚ ਉਸ ਜੀਵਨ ਸ਼ੈਲੀ ਨੂੰ ਆਪਣੇ ਸਾਹਮਣੇ ਰੱਖੀਏ । ਕਈ ਵਾਰ ਮਨੁੱਖ ਵੱਡੇ ਵੱਡੇ ਮਾਮਲਿਆਂ ਵਿੱਚ ਤਾਂ ਬਹੁਤ ਚੰਗੇ ਨਮੂਨੇ ਦਿਖਾ ਰਿਹਾ ਹੁੰਦਾ ਹੈ ਪਰ ਦੇਖਣ ਨੂੰ ਛੋਟੀ ਜਿਹੀ ਦਿਖਾਈ ਦੇਣ ਵਾਲੀ ਗਲੱਾਂ ਨੂੰ ਇਉਂ ਅੱਖੋਂ ਓਹਲੇ ਕਰ ਦਿਤੱਾ ਜਾਂਦਾ ਹੈ ਜਿਵੇਂ ਉਸ ਦੀ ਕੋਈ ਮਹਤੱਾ ਹੀ ਨ ਹੋਵੇ। ਜੱਦਕਿ ਇਸ ਦੇ ਵਿਪਰੀਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਇਹਨਾਂ ਗਲੱਾਂ ਵੱਲ ਬਹੁਤ ਧਿਆਨ ਦੇਣ ਲਈ ਆਪਣੇ ਫ਼ਰਮਾਨਾ ਵਿੱਚ ਵੀ ਅਤੇ ਆਪਣੇ ਜੀਵਨ ਸ਼ੈਲੀ ਦੇ ਨਮੂਨਿਆਂ ਵਿੱਚ ਵੀ ਦਿੱਤੇ ਹਨ ।

ਸੋ, ਜੇਕਰ ਅਸੀਂ ਆਪਣੇ ਜੀਵਨ ਨੂੰ ਸ਼ਾਂਤੀ ਭਰਪੂਰ ਬਨਾਉਣਾ ਚਹੁੰਦੇ ਹਾਂ, ਜੇਕਰ ਅਸੀਂ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨਾ ਚਾਹੁੰਦੇ ਹਾਂ,

ਤਾਂ ਸਾਨੂੰ ਉਹਨਾਂ ਆਚਰਣਾ ਨੂੰ ਆਪਣੇ ਜੀਵਨ ਦਾ ਅੰਗ ਬਨਾਉਣ ਦੀ ਲੋੜ ਹੈ ਜੋ ਸਾਡੇ ਸਵਾਮੀ ਤੇ ਸਰਦਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਰ ਮਾਮਲੇ ਲਈ ਸਾਡੇ ਸਾਹਮਣੇ ਰੱਖੇ ਅਤੇ ਫਿਰ ਇਸ ਯੁੱਗ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਨੇ ਵਿਸਥਾਰ ਨਾਲ ਸਾਡੇ ਸਾਹਮਣੇ ਰੱਖੇ ਅਤੇ ਉਸ'ਤੇ ਅਮਲ ਕਰਨ ਵੱਲ ਧਿਆਨ ਦੁਆਇਆ ।

ਇਸ ਸਮੇਂ ਮੈਂ ਇਸੇ ਹਵਾਲੇ ਨਾਲ ਪੁਰੁਸ਼ਾਂ ਦੀਆ ਵੱਖ ਵੱਖ ਸਿਥਿਤੀਆਂ ਵਿੱਚ ਜ਼ਿੱਮੇਦਾਰੀਆਂ ਦੇ ਮਾਮਲੇ ਵਿੱਚ ਕੁਝ ਕਹਾਂਗਾ । ਪੁਰੁਸ਼ ਦੀ ਘਰ ਦਾ ਮੁਖੀ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ, ਪਰੁਸ਼ ਦੀ ਪਤੀ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ, ਪੁਰੁਸ਼ ਦੀ ਪਿਤਾ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ ਫਿਰ ਸੰਤਾਨ ਹੋਣ ਦੇ ਪੱਖੋਂ ਵੀ ਜ਼ਿੱਮੇਦਾਰੀ ਹੈ । ਜੇਕਰ ਹਰ ਮਨੁੱਖ ਇਹਨਾਂ ਜ਼ਿੱਮੇਦਾਰੀਆਂ ਨੂੰ ਸਮਝ ਲਏ ਅਤੇ ਉਹਨਾਂ ਨੂੰ ਪੂਰਾ ਕਰਨ ਦਾ ਜਤਨ ਕਰੇ ਤਾਂ ਇਹੋ ਸਮਾਜ ਦੀ ਮਹਾਂ ਸ਼ਾਂਤੀ ਦੀ ਸਥਾਪਨਾ ਅਤੇ ਪ੍ਰੇਮ ਤੇ ਭਾਈਚਾਰੇ ਦੇ ਕਾਇਮ ਕਰਨ ਦਾ ਸਾਧਨ ਬਣ ਜਾਂਦਾ ਹੈ । ਇਹੋ ਗੱਲਾਂ ਸੰਤਾਨ ਦੀ ਤਰਬੀਯਤ (ਸੀਖ) ਦਾ ਸਾਧਨ ਬਣਕੇ ਪੁਰਅਮਨ ਤੇ ਮਾਨਵ ਅਧਿਕਾਰਾਂ ਦੇ ਸਥਾਪਨ ਕਰਨ ਵਾਲੀ ਨਸਲ ਦੇ ਫ਼ੈਲਣ ਦਾ ਸਾਧਨ ਬਣ ਜਾਂਦੀ ਹੈ । ਘਰਾਂ ਦੇ ਸਕੂਨ ਇਹਨਾਂ ਹੀ ਗਲੱਾਂ ਨਾਲ ਕਾਇਮ ਹੁੰਦੇ ਹਨ ।

ਅੱਜ ਕੱਲ ਕਈ ਘਰਾਂ'ਚੋਂ ਸ਼ਿਕਾਇਤਾਂ ਸਾਹਮਣੇ ਆਉਂਦੀਆਂ ਹਨ ਜਿੱਥੇ ਮਰਦ ਆਪਣੇ ਆਪ ਨੂੰ ਘਰ ਦਾ ਮੁਖੀ ਸਮਝਕੇ, ਇਹ ਸਮਝਦਿਆਂ ਹੋਇਆਂ ਕਿ ਮੈਂ ਘਰ ਦਾ ਮੁਖੀ ਹਾਂ ਅਤੇ ਵੱਡਾ ਹਾਂ ਅਤੇ ਮੇਰੇ ਸਾਰੇ ਅਖ਼ਤਿਆਰ ਹਨ, ਨ ਆਪਣੀ ਪਤਨੀ ਦਾ ਸਨਮਾਨ ਕਰਦਾ ਹੈ, ਨ ਉਸ ਨੂੰ ਜਾਇਜ਼ ਹੱਕ ਦਿੰਦਾ ਹੈ ਅਤੇ ਨ ਹੀ ਸੰਤਾਨ ਦੀ ਤਰਬੀਯਤ (ਸੀਖ ਸਿੱਖਿਆ) ਦਾ ਹੱਕ ਪੂਰਾ ਕਰਦਾ ਹੈ, ਕੇਵਲ ਨਾਂ ਦਾ ਮੁਖੀ ਹੈ, ਸਗੋਂ ਅਜਿਹੀਆਂ ਸ਼ਿਕਾਇਤਾਂ ਵੀ ਭਾਰਤ ਵਿੱਚੋ ਵੀ ਅਤੇ ਪਾਕਿਸਤਾਨ ਦੀਆਂ ਕਈ ਇਸਤਰੀਆਂ

ਵੱਲੋਂ ਵੀ ਹਨ ਕਿ ਪਤੀਆਂ ਨੇ ਪਤਨੀਆਂ ਨੂੰ ਮਾਰ ਮਾਰਕੇ ਸ਼ਰੀਰ ਉਪੱਰ ਨੀਲ ਪਾ ਦਿੱਤੇ ਜਾਂ ਜ਼ਖ਼ਮੀ ਕਰ ਦਿਤੱਾ ਜਾਂ ਮੂੰਹ ਸੁਜਾ ਦਿੱਤੇ, ਸਗੋਂ ਕਈ ਲੋਕ ਤਾਂ ਇਹਨਾਂ ਦੇਸ਼ਾਂ ਵਿੱਚ ਰਹਿੰਦਿਆਂ ਹੋਇਆਂ ਵੀ ਅਜਿਹੀਆਂ ਹਰਕਤਾਂ ਕਰ ਜਾਂਦੇ ਹਨ, ਫਿਰ ਬੱਚਿਆਂ ਤੇ ਬੱਚੀਆਂ ਉਪੱਰ ਜ਼ੁਲਮ ਸੀਮਾ ਤੱਕ ਕਈ ਪਿਤਾ ਵਰਤਾਉ ਕਰ ਰਹੇ ਹੁੰਦੇ ਹਨ। ਜੇਕਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਨੰਣ ਦੇ ਬਾਦ ਵੀ ਜਾਹਲ ਲੋਕਾਂ ਵਾਂਗ ਹੀ ਰਹਿਣਾ ਹੈ, ਉਹਨਾਂ ਮੁਸਲਮਾਨਾ ਵਾਂਗ ਰਹਿਣਾ ਹੈ ਜਿੰਨ੍ਹਾ ਨੂੰ ਧਰਮ ਦੀ ਉਕੱਾ ਹੀ ਜਾਨਕਾਰੀ ਨਹੀਂ ਹੈ ਆਪਣੀ ਪਤਨੀ ਤੇ ਬੱਚਿਆਂ ਨਾਲ ਉਹੋ ਜਿਹਾ ਹੀ ਵਰਤਾਉ ਕਰਨਾ ਹੈ ਜੋ ਜਾਹਲ (ਮੂਰਖ) ਲੋਕ ਕਰਦੇ ਹਨ ਤਾਂ ਫਿਰ ਆਪਣੀਆਂ ਹਾਲਤਾਂ ਨੂੰ ਬਦਲਣ ਦਾ ਪ੍ਰਣ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦਾ ਕੋਈ ਲਾਭ ਨਹੀਂ।

ਕੀ ਮਰਦ (ਪੁਰੁਸ਼) ਜੋ ਰੱਬ ਦਾ ਹੱਕ ਪੂਰਾ ਕਰਨ ਦੀ ਉਹਨਾਂ'ਤੇ ਜ਼ਿੱਮੇਦਾਰੀ ਹੈ ਅਤੇ ਜੋ ਅਮਲੀ ਰੂਪ ਵਿੱਚ ਮਿਆਰ ਨੂੰ ਬੁਲੰਦ ਕਰਨ ਦੀ ਉਹਨਾਂ ਦੀ ਜ਼ਿੱਮੇਦਾਰੀ ਹੈ ਉਸ ਨੂੰ ਪੂਰਾ ਕਰ ਰਹੇ ਹਨ ? ਜੇਕਰ ਉਹ ਇਸ ਨੂੰ ਪੂਰਾ ਕਰ ਰਹੇ ਹੋਣ ਤਾਂ ਫਿਰ ਇਹ ਹੋ ਹੀ ਨਹੀਂ ਸਕਦਾ ਕਿ ਉਹਨਾਂ ਦੇ ਘਰਾਂ ਵਿੱਚ ਜ਼ੁਲਮ ਹੋਵੇ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਤਾਂ ਸਭ ਤੋਂ ਪਹਿਲਾਂ ਘਰ ਦਾ ਮੁਖੀ ਹੋਣ ਦੇ ਪੱਖੋਂ ਤੌਹੀਦ ਦੀ ਸਥਾਪਨਾ ਦੀ ਮਹਤੱਾ ਆਪਣੀ ਪਤਨੀ ਤੇ ਬੱਚਿਆ'ਤੇ ਸਪਸ਼ਟ ਕਰਕੇ ਉਸ'ਤੇ ਅਮਲ ਕਰਵਾਇਆ ਪਰ ਇਹ ਕੰਮ ਵੀ ਪ੍ਰੇਮ ਤੇ ਪਿਆਰ ਨਾਲ ਕਰਵਾਇਆ । ਡੰਡੇ ਦੇ ਜ਼ੋਰ'ਤੇ ਨਹੀਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਤਾਂ ਘਰ ਦਾ ਮੁਖੀ ਹੋਣ ਅਤੇ ਦੁਨੀਆ ਦੇ ਸੁਧਾਰ ਅਤੇ ਸ਼ਰੀਅਤ ਦੀ ਸਥਾਪਨਾ ਦੇ ਅਤਿਅੰਤ ਰੁਝੇਵਿਆਂ ਦੇ ਹੁੰਦਿਆਂ ਹੋਇਆ ਵੀ ਆਪਣੇ ਘਰ ਵਾਲਿਆਂ ਦੇ ਹੱਕ ਪੂਰੇ ਕੀਤੇ ਅਤੇ

ਪਿਆਰ, ਨਰਮੀ ਤੇ ਪ੍ਰੇਮ ਪੂਰਵਕ ਇਹ ਹੱਕ ਪੂਰੇ ਕੀਤੇ । ਘਰ ਦਾ ਮੁਖੀ ਹੋਣ ਦਾ ਹੱਕ ਇਸ ਪ੍ਰਕਾਰ ਪੂਰਾ ਕੀਤਾ ਕਿ ਪਹਿਲਾਂ ਇਹ ਅਨੁਭਵ ਕਰਾਇਆ ਕਿ ਤੁਹਾਡੀ ਜ਼ਿੱਮੇਦਾਰੀ ਤੌਹੀਦ ਦੀ ਸਥਾਪਨਾ ਹੈ । ਰੱਬ ਦੀ ਇਬਾਦਤ ਹੈ । ਚੁਨਾਂਚਿ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਕਹਿੰਦੀ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰਾਤ ਨੂੰ ਨਫ਼ਲ ਲਈ ਉਠੱਦੇ ਸਨ ਅਤੇ ਫਿਰ ਸਵੇਰੇ ਦੀ ਨਮਾਜ਼ ਤੋਂ ਕੁਝ ਸਮਾਂ ਪਹਿਲਾਂ ਸਾਨੂੰ ਪਾਣੀ ਦਾ ਛਟੱਾ ਮਾਰਕੇ ਉਠਾਉਂਦੇ ਸਨ ਕਿ ਨਫ਼ਲ ਪੜ੍ਹੋ, ਇਬਾਦਤ ਕਰੋ, ਅਲੱਾਹ ਤਆਲਾ ਦਾ ਹੱਕ ਪੂਰਾ ਕਰੋ। ਜੋ ਰੱਬ ਦੇ ਹੱਕ ਹਨ।

(ਬੁਖ਼ਾਰੀ ਕਿਤਾਬੁਲ ਵਿਤਰ ਬਾਬ ਈਕਾਜ਼ੁਨੱਬੀ ਸਲਲੱਾਹੁ ਅਲੈਹਿ ਵਸਲੱਮ, ਬਾਬੁਲ ਵਿਤਰ ਹਦੀਸ 997)

(ਸੁਨਨ ਅਬੀ ਦਾਊਦ ਕਿਤਾਬੁਸੱਲਾਤ ਬਾਬ ਕਿਯਾਮੁਲ ਲੈਲ ਹਦੀਸ 1308)

ਫਿਰ ਆਪਣੇ ਘਰ ਵਾਲਿਆਂ ਦੇ ਹੱਕ ਕਿਵੇਂ ਪੂਰੇ ਕਰਦੇ ਸਨ ? ਉਹ ਕੰਮ ਜੋ ਪਤਨੀਆਂ ਦੇ ਕਰਨ ਵਾਲੇ ਸਨ ਉਹਨਾਂ ਵਿੱਚ ਵੀ ਆਪ ਉਹਨਾਂ ਦਾ ਹੱਥ ਵੰਡਾਉਂਦੇ ਸਨ । ਸੋ, ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਫ਼ਰਮਾਉਂਦੀ ਹਨ ਕਿ ਜਿੰਨ੍ਹਾ ਸਮਾਂ ਆਪ ਘਰ ਵਿੱਚ ਹੁੰਦੇ ਸਨ ਘਰ ਵਾਲਿਆਂ ਦੀ ਮਦਦ ਅਤੇ ਸੇਵਾ ਵਿੱਚ ਮਸਰੂਫ਼ ਰਹਿੰਦੇ ਸਨ ਇੱਥੋਂ ਤੱਕ ਕਿ ਆਪ ਨੂੰ ਨਮਾਜ਼ ਦਾ ਬੁਲਾਵਾ ਆਉਂਦਾ ਅਤੇ ਆਪ ਮਸਜਿਦ ਵਿੱਚ ਚਲੇ ਜਾਂਦੇ।

(ਸਹੀ ਬੁਖ਼ਾਰੀ ਕਿਤਾਬੁਲ ਆਜ਼ਾਨ ਬਾਬ ਮਨ ਕਾਨਾ ਫ਼ੀ ਹਾਜਾਤਹ... ਹਦੀਸ 676)

ਸੋ, ਇਹ ਹੈ ਉਹ ਜੀਵਨ ਜੋ ਅਸੀਂ ਅਪਨਾਉਂਣਾ ਹੈ ਅਤੇ ਸਾਨੂੰ ਅਪਨਾਉਣਾ ਚਾਹੀਦਾ ਹੈ, ਨ ਕਿ ਪਤਨੀਆਂ ਨਾਲ ਅਜਿਹਾ ਵਰਤਾਉ ਜੋ ਜ਼ੁਲਮ ਦਾ ਪੱਖ ਰਖੱਦਾ ਹੋਵੇ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਆਪ ਦੇ ਘਰੇਲੂ ਕੰਮਾ ਦਾ ਵਿਸਥਾਰ ਦੱਸਦਿਆਂ ਹੋਇਆ ਫ਼ਰਮਾਉਂਦੀ ਹਨ ਕਿ ਆਪ ਆਪਣੇ ਕਪੜੇ ਵੀ

ਆਪ ਸੀ ਲੈਂਦੇ ਸਨ, ਜੁੱਤੀ ਗੰਢ ਲਿਆ ਕਰਦੇ ਸਨ, ਘਰ ਦਾ ਡੋਲ ਆਦਿ ਮੁਰਮੱਤ ਕਰ ਲਿਆ ਕਰਦੇ ਸਨ ।

(ਉਮਦਹਤੁਲ ਕਾਰੀ ਸ਼ਰਹ ਸਹੀ ਬੁਖ਼ਾਰੀ ਕਿਤਾਮ ਮਵਾਕੀਤੁਸੱਲਾਤ ਬਾਬ ਮਨ ਕਾਨਾ ਹਾਜੱਤਹ ...ਹਦੀਸ 676 ਜਿਲਦ 5, ਪੰਨਾ 298 ਛਾਪਾ ਦਾਰ ਅਹਯਾਉਤੱਰਾਸੁਲ ਅਰਬੀ ਬੈਰੂਤ)

ਸੋ, ਇਹਨਾ ਨਮੂਨਿਆਂ ਨੂੰ ਸਾਹਮਣੇ ਰਖੱਦਿਆਂ ਹੋਇਆ ਅਨੇਕਾਂ ਪਤੀਆਂ ਨੂੰ ਆਪਣੀ ਪੜਤਾਲ ਕਰਨੀ ਚਾਹੀਦੀ ਹੈ, ਅਤੇ ਇਸ ਉਪੱਰ ਧਿਆਨ ਦੇਣਾ ਚਾਹੀਦਾ ਹੈ ਕਿ ਉਹਨਾਂ ਦੇ ਘਰਾਂ ਵਿੱਚ ਇਹ ਸੁਲੂਕ ਹਨ? ਇਹ ਰਵੱਈਏ ਹਨ?

ਆਪਣੇ ਸਹਾਬਾ (ਸਾਥੀਆਂ) ਨੂੰ ਪਤੀ ਦੇ ਕਰਤਵਾਂ ਅਤੇ ਉਸ ਦੇ ਰਵੱਈਏ ਦੇ ਮਿਆਰ ਬਾਰੇ ਇਕ ਮੌਕੇ ਫ਼ਰਮਾਇਆ ਜੋ ਹਜ਼ਰਤ ਅਬੂਹੁਰੈਰਾ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਮੋਮਿਨਾਂ ਵਿੱਚੋ ਕਾਮਲ ਈਮਾਨ ਉਹ ਹੈ ਜਿਸ ਦੇ ਅਖ਼ਲਾਕ (ਆਚਰਣ) ਚੰਗੇ ਹਨ ਅਤੇ ਤੁਹਾਡੇ ਵਿੱਚ ਆਚਰਣ ਦੇ ਪੱਖੋ ਚੰਗਾ ਉਹ ਹੈ ਜੋ ਆਪਣੀ ਪਤਨੀ ਲਈ ਬਿਹਤਰ ਹੈ।

(ਸੁਨਨ ਤਿਰਮਿਜ਼ੀ ਅਬਵਾਬੁਰ ਰਜ਼ਾਅ ਬਾਬ ਮਾ ਜਾਆ ਫ਼ੀ ਹਕੱੁਲ ਮਿਰਆਤੁਲ ਅਲੀ ਜ਼ੌਜਾਹਾ ਹਦੀਸ 1162)

ਸੋ, ਹਰ ਉਸ ਵਿਅਕਤੀ ਨੂੰ ਜਿਸਦਾ ਆਪਣੀ ਪਤਨੀ ਨਾਲ ਚੰਗਾ ਸਲੂਕ ਨਹੀਂ ਹੈ ਪੜਤਾਲ ਕਰਨ ਦੀ ਲੋੜ ਹੈ ਕਿ ਚੰਗੇ ਅਖ਼ਲਾਕ ਅਤੇ ਪਤਨੀਆਂ ਨਾਲ ਚੰਗੇ ਸੁਲੂਕ ਦਾ ਮੁਜ਼ਾਹਰਾ ਕੇਵਲ ਦਿਖਕਾਵੇ ਦੇ ਚੰਗੇ ਵਰਤਾਉ ਨਹੀਂ ਹਨ ਸਗੋਂ ਆਪ ਨੇ ਫ਼ਰਮਾਇਆ ਕਿ ਇਮਾਨ ਦੇ ਮਿਆਰ ਦੀ ਬੁਲੰਦੀ ਦੀ ਵੀ ਨਿਸ਼ਾਨੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਪਤੀ ਦੇ ਕਰਤਵਾਂ ਅਤੇ ਪਤਨੀਆਂ ਨਾਲ ਚੰਗੇ ਸੂਲਕ ਦੀ ਚਰਚਾ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਵਿਭਚਾਰਤਾ ਤੋਂ ਬਿਨਾ ਇਸਤਰੀਆਂ ਦੇ ਸਾਰੇ ਕੱਜ ਸੁਭਾਉ ਤੇ ਕੁੜਤਨਾ ਨੂੰ

ਝਲੱਣਾ ਚਾਹੀਦਾ ਹੈ ਅਤੇ ਫ਼ਰਮਾਇਆ ਕਿ ਸਾਨੂੰ ਤਾਂ ਅਤਿਅੰਤ ਬੇ ਸ਼ਰਮੀ ਮਲੂਮ ਹੁੰਦੀ ਹੈ ਕਿ ਮਰਦ ਹੋਕੇ ਇਸਤਰੀ ਨਾਲ ਲੜਨ । ਰੱਬ ਨੇ ਸਾਨੂੰ ਮਰਦ ਬਣਾਇਆ ਹੈ ਵਾਸਤਵ ਵਿੱਚ ਸਾਡੇ ਉਪੱਰ ਨੇਮਤ ਦੀ ਪੂਰਨਤਾ ਹੈ । ਇਸ ਦਾ ਸ਼ੁਕਰਾਨਾ ਇਹ ਹੈ ਕਿ ਅਸੀਂ ਇਸਤਰੀਆਂ ਨਾਲ ਸੂਖਮ ਤੇ ਨਰਮੀ ਦਾ ਵਰਤਾਉ ਕਰੀਏ ।

ਇਕ ਵਾਰ ਇਕ ਵਿਅਕਤੀ ਦੇ ਕਠੋਰ ਸੁਭਾਉ ਅਤੇ ਬਦਜ਼ੁਬਾਨੀ ਦੀ ਚਰਚਾ ਹੋਈ ਕਿ ਉਹ ਆਪਣੀ ਪਤਨੀ ਨਾਲ ਬਹੁਤ ਸ਼ਖਤੀ ਨਾਲ ਪੇਸ਼ ਆਉਂਦਾ ਹੈ । ਹਜ਼ੂਰ ਅਲੈਹਿ ਸਲਾਮ ਇਸ ਗੱਲ ਤੋਂ (ਬਹੁਤ ਉਦਾਸ ਹੋਏ) ਬਹੁਤ ਉਦਾਸੀ ਨਾਲ ਭਰ ਗਏ ਅਤੇ ਫ਼ਰਮਾਇਆ "ਸਾਡੇ ਲੋਕਾਂ ਨੂੰ ਅਜਿਹਾ ਨਹੀਂ ਹੋਣਾ ਚਾਹੀਦਾ" ਫਿਰ ਲਿਖੱਣ ਵਾਲੇ ਲਿਖੱਦੇ ਹਨ ਕਿ ਇਸ ਦੇ ਬਾਦ ਕਿੰਨ੍ਹਾ ਹੀ ਚਿਰ ਇਸਤਰੀ ਸਮਾਜ ਬਾਰੇ ਗਲੱਾਂ ਕਰਦੇ ਰਹੇ ਅਤੇ ਅਖ਼ੀਰ ਵਿੱਚ ਫ਼ਰਮਾਇਆ ਕਿ "ਮੇਰਾ ਇਹ ਹਾਲ ਹੈ ਕਿ ਮੈਂ ਆਪਣੀ ਪਤਨੀ ਨੂੰ ਉੱਚੀ ਅਵਾਜ਼ ਦਿੱਤੀ (ਉਚੀ ਆਵਾਜ਼ ਨਾਲ ਬੋਲਿਆ ਸੀ) ਅਤੇ ਮੈਂ ਅਨੁਭਵ ਕਰਦਾ ਸੀ ਕਿ ਉਹ ਉੱਚੀ ਅਵਾਜ਼ ਦਿਲ ਦੇ ਬੁਲੰਦ ਦੁੱਖ ਨਾਲ ਮਿਲੀ ਹੋਈ ਹੈ" (ਉਚੀ ਆਵਾਜ਼ ਵਿੱਚ ਬੋਲੇ ਸਨ ਅਤੇ ਵਿਚਾਰ ਕੀਤਾ ਕਿ ਸ਼ਾਇਦ ਇਸ ਵਿੱਚ ਦਿਲ ਦਾ ਕੋਈ ਦੁੱਖ ਵੀ ਸ਼ਾਮਲ ਹੈ) "ਜੱਦ ਕਿ ਕੋਈ ਦਿਲ ਦੁਖਾਉ ਕਠੋਰ ਗੱਲ ਮੂੰਹ ਵਿੱਚੋਂ ਨਹੀਂ ਕਿਲੀ ਸੀ" (ਇਸ ਤੋਂ ਬਿਨਾ ਕੋਈ ਕਠੋਰ ਸ਼ਬਦ ਮੂੰਹ ਵਿੱਚੋਂ ਨਹੀਂ ਨਿਕਲਿਆ ਸੀ ਇਸ ਦੇ ਬਾਦ ਵੀ) ਆਪ ਫ਼ਰਮਾਉਂਦੇ ਹਨ ਕਿ "ਇਸ ਬਾਦ ਮੈਂ ਬਹੁਤ ਦੇਰ ਤੱਕ ਅਸਤਗ਼ਫ਼ਾਰ ਕਰਦਾ ਰਿਹਾ ਅਤੇ ਬਹੁਤ ਉਦਾਸ ਤੇ ਦੁਖੀ ਹਿਰਦੇ ਨਾਲ ਨਫ਼ਲ ਪੜ੍ਹੇ ਅਤੇ ਕੁਝ ਸਦਕਾ ਵੀ ਦਿਤੱਾ ਕਿ ਇਹ ਪਤਨੀ ਲਈ ਕਠੋਰਤਾ ਕਿਸੇ ਗੁਪਤ ਇਲਾਹੀ ਅਵਹੇਲਨਾ ਦਾ ਸਿਟੱਾ ਹੈ।"

**(ਮਲਫ਼ੂਜ਼ਾਜ਼ਤ ਜਿਲਦ 2, ਪੰਨਾ 1-2, ਐਡੀਸ਼ਨ 1985, ਛਾਪਾ ਇੰਗਲਿਸਤਾਨ)**

ਸੋ, ਇਹ ਹੈ ਆਪ ਜੀ ਦਾ ਨਮੂਨਾ । ਅਤੇ ਫਿਰ ਕਿਸੇ ਮਿਤੱਰ ਦੇ ਸਖ਼ਤੀ ਨਾਲ ਪੇਸ਼ ਆਪਉਣ'ਤੇ ਆਪਨੇ ਬਹੁਤ ਚਿੰਤਾ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਇਹ ਨਸੀਹਤ ਕੀਤੀ ਕਿ "ਉਹ ਲੋਕ ਜੋ ਆਪਣੀਆਂ ਪਤਨੀਆਂ ਨਾਲ ਰਤਾ ਰਤਾ ਗਲੱਾਂ'ਤੇ ਲੜਦੇ ਝਗੜਦੇ ਹਨ, ਹੱਥ ਚੁੱਕ ਲੈਂਦੇ ਹਨ, ਉਹਨਾਂ ਨੂੰ ਹੋਸ਼ ਕਰਨੀ ਚਾਹੀਦੀ ਹੈ । ਇਹ ਹੱਥ ਉਠਾਉਣਾ ਤਾਂ ਖ਼ੈਰ ਵੱਖ ਰਿਹਾ ਜਿਵੇਂ ਕਿ ਮੈਂ ਕਿਹਾ ਕਿ ਜ਼ਖ਼ਮੀ ਵੀ ਕਰ ਦਿੰਦੇ ਹਨ, ਉਹਨਾਂ ਲਈ ਤਾਂ ਬਹੁਤ ਹੀ ਚਿੰਤਾ ਵਾਲੀ ਗੱਲ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਅਨੁਸਾਰ ਤਾਂ ਉਹਨਾਂ ਲੋਕਾਂ ਦਾ ਇਮਾਨ ਵੀ ਕਾਮਲ ਨਹੀਂ ਹੈ । ਉਹਨਾਂ ਨੂੰ ਆਪਣੇ ਇਮਾਨ ਦੀ ਚਿੰਤਾ ਕਰਨੀ ਚਾਹੀਦੀ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਜੋ ਫ਼ਰਮਾਨ ਸੀ ਇਸੇ ਕਰਕੇ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵੀ ਚਿੰਤਾ ਹੋਈ ਕਿ ਜਿਸ ਇਮਾਨ ਦਾ ਉਤੱਮ ਨਮੂਨਾ ਨਹੀਂ ਹੈ ਫਿਰ ਤਾਂ ਉਹ ਕਈ ਥਾਈਂ ਠੋਕਰ ਖਾ ਸਕਦਾ ਹੈ।

ਸੋ, ਜਿਵੇਂ ਕਿ ਮੈਂ ਕਿਹਾ ਕਿ ਇਹ ਦੇਖਣ ਨੂੰ ਨਿੱਕੀਆਂ ਜਿਹੀਆਂ ਗਲੱਾਂ ਹਨ, ਇਹ ਨਿੱਕੀਆਂ ਨਹੀਂ ਹਨ । ਇਹਨਾਂ ਦੇਸ਼ਾਂ ਵਿੱਚ ਤਾਂ ਮਾਮਲੇ ਪੁਲਿਸ ਤੱਕ ਚਲੇ ਜਾਂਦੇ ਹਨ ਅਤੇ ਫਿਰ ਜਮਾਤ ਦੀ ਬਦਨਾਮੀ ਹੁੰਦੀ ਹੈ । ਅਜਿਹੇ ਲੋਕ ਫਿਰ ਸੰਸਾਰਕ ਦੰਡ ਵੀ ਭੋਗਦੇ ਹਨ ਅਤੇ ਰੱਬ ਦੀ ਨਰਾਜ਼ਗੀ ਵੀ ਮੁੱਲ ਲੈਂਦੇ ਹਨ

ਕਈ ਵਾਰ ਪੁਰੁਸ਼ ਕਹਿ ਦਿੰਦੇ ਹਨ ਕਿ ਇਸਤਰੀ ਵਿੱਚ ਫ਼ਲਾਣੀ ਫ਼ਲਾਣੀ ਬੁਰਾਈ ਹੈ ਜਿਸ ਦੇ ਸਬਬ ਸਾਨੂੰ ਸਖ਼ਤੀ ਕਰਨੀ ਪਈ । ਇਸ ਪੱਖੋਂ ਪੁਰੁਸ਼ਾਂ ਨੂੰ ਪਹਿਲਾਂ ਆਪਣੇ ਜਾਇਜ਼ੇ ਲੈਂਣੇ ਚਾਹੀਦੇ ਹਨ ਕਿ ਕੀ ਉਹ ਧਰਮ ਦੇ ਮਿਆਰ ਉਪੱਰ ਪੂਰਾ ਉਤਰਨ ਵਾਲੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਜਿਹੇ ਹੀ ਪੁਰੁਸ਼ਾਂ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ "ਪੁਰੁਸ਼ ਜੇਕਰ ਪਾਰਸਾ (ਪਾਕ) ਨ ਹੋਵੇ ਤਾਂ ਇਸਤਰੀ ਕੱਦ ਸਾਲੇਹ

(ਨੇਕ) ਹੋ ਸਕਦੀ ਹੈ'' (ਪਹਿਲੀ ਸ਼ਰਤ ਤਾਂ ਇਹੋ ਹੈ ਕਿ ਪੁਰੁਸ਼ ਨੇਕ ਹੋਵੇ ਫਿਰ ਹੀ ਉਸ ਦੀ ਪਤਨੀ ਵੀ ਸਾਲੇਹ (ਨੇਕ) ਹੋਵੇਗੀ ।) ਫ਼ਰਮਾਇਆ ਕਿ ''ਹਾਂ ਜੇਕਰ ਪੁਰੁਸ਼ ਆਪ ਸਾਲੇਹ ਬਣੇ ਤਾਂ ਇਸਤਰੀ ਵੀ ਸਾਲੇਹ ਬਣ ਸਕਦੀ ਹੈ'' ਫ਼ਰਮਾਇਆ ਕਿ ''ਇਸਤਰੀ ਨੂੰ ਗਲੱਾਂ ਨਾਲ ਨਸੀਹਤ ਨਹੀਂ ਦੇਣੀ ਚਾਹੀਦੀ ਸਗੋਂ ਕਰਮ ਕਰਕੇ ਜੇਕਰ ਨਸੀਹਤ ਦਿੱਤੀ ਜਾਵੇ ਤਾਂ ਉਸ ਦਾ ਅਸਰ ਹੁੰਦਾ ਹੈ।'' ਕੇਵਲ ਗਲੱਾਂ ਨਾਲ ਨਸੀਹਤ ਨ ਕਰੋ, ਝਾੜ ਝੰਬ ਨ ਕਰੋ ਸਗੋਂ ਆਪਣੇ ਅਮਲਾਂ ਨਾਲ ਇਹ ਸਾਬਤ ਕਰੋ ਕਿ ਤੁਸੀਂ ਨੇਕ ਹੋ ਅਤੇ ਤੁਹਾਡਾ ਹਰ ਕਦਮ ਰੱਬ ਦੇ ਆਦੇਸ਼ਾਂ ਉਪੱਰ ਚਲੱਣ ਵਾਲਾ ਹੈ । ਅਜਿਹੀ ਨਸੀਹਤ ਜੋ ਅਮਲਾਂ ਰਾਹੀਂ ਹੋਵੇਗੀ ਤਾਂ ਫ਼ਰਮਾਇਆ ਕਿ ਉਸ ਦਾ ਅਸਰ ਹੁੰਦਾ ਹੈ । ਫ਼ਰਮਾਇਅ ਕਿ ''ਇਸਤਰੀ ਤਾਂ ਇਕ ਪਾਸੇ, ਹੋਰ ਵੀ ਕਿਹੜਾ ਹੈ ਜੋ ਕੇਵਲ ਗਲੱਾਂ ਨਾਲ ਕਿਸੇ ਦੀ ਮੰਨ੍ਹਦਾ ਹੈ।'' (ਕੋਈ ਨਹੀਂ ਮੰਨ੍ਹਦਾ ਜੱਦ ਤੱਕ ਅਮਲ ਨ ਹੋਵੇ।) ''ਜੇਕਰ ਪੁਰੁਸ਼ ਕੋਈ ਵਿੰਗ ਜਾਂ ਖ਼ਾਮੀ ਆਪਣੇ ਅੰਦਰ ਰੱਖੇਗਾ ਤਾਂ ਇਸਤਰੀ ਹਰ ਸਮੇਂ ਉਸ'ਤੇ ਗਵਾਹ ਹੈ।'' ਫ਼ਰਮਾਇਆ ਕਿ ''... ਜੋ ਮਨੁੱਖ ਰੱਬ ਤੋਂ ਆਪ ਨਹੀਂ ਡਰਦਾ ਤਾਂ ਇਸਤਰੀ ਕਿਵੇਂ ਉਸ ਤੋਂ ਡਰੇ? ਨ ਅਜਿਹੇ ਮੌਲਵੀਆਂ ਦਾ ਉਪਦੇਸ਼ ਅਸਰ ਕਰਦਾ ਹੈ ਨ ਪਤੀ ਦਾ । ਹਰ ਅਵਸਥਾ ਵਿੱਚ ਅਮਲਾਂ ਦਾ ਨਮੂਨਾ ਅਸਰ ਕਰਦਾ ਹੈ।'' ਫ਼ਰਮਾਉਂਦੇ ਹਨ ਕਿ ''ਭਲਾ ਜੱਦ ਪਤੀ ਰਾਤ ਨੂੰ ਉਠੱ ਉਠੱ ਕੇ ਦੁਆਵਾਂ ਕਰਦਾ ਹੈ ਰੋਂਦਾ ਹੈ ਤਾਂ ਇਸਤਰੀ ਇਕ ਦੋ ਦਿਨ ਦੇਖੇਗੀ, ਅਖੀਰ ਇਕ ਦਿਨ ਉਸ ਨੂੰ ਖਿਆਲ ਆਵੇਗਾ ਅਤੇ ਅਵਸ਼ ਪ੍ਰਭਾਵਤ ਹੋਵੇਗੀ।'' ਫ਼ਰਮਾਉਂਦੇ ਹਨ ਕਿ ''ਇਸਤਰੀ ਵਿੱਚ ਪ੍ਰਭਾਵਤ ਹੋਣ ਦਾ ਮਾਦਾ ਬਹੁਤ ਹੁੰਦਾ ਹੈ ...... ਉਹਨਾਂ ਦੀ ਦੁਰੁਸਤੀ ਲਈ ਕੋਈ ਮਦਰਸਾ ਵੀ ਬਹੁਤ ਕੁਝ ਨਹੀਂ ਕਰ ਸਕਦਾ'' (ਇਸਤਰੀ ਨੂੰ ਦੁਰੁਸਤ ਕਰਨ ਲਈ ਕਿਸੇ ਸਕੂਲ ਦੀ ਲੋੜ ਨਹੀਂ ਹੈ ਕਿਸੇ ਅਦਾਰੇ ਦੀ ਲੋੜ ਨਹੀਂ ਹੈ।) ''ਜਿੰਨ੍ਹਾ ਪਤੀ

ਦਾ ਕਰਮ ਰੂਪੀ ਨਮੂਨਾ ਕਰਦਾ ਹੈ।" (ਜੇਕਰ ਸੁਧਾਰ ਕਰਨਾ ਹੈ ਤਾਂ ਪਤੀ ਆਪਣਾ ਸੁਧਾਰ ਕਰ ਲੈਂਣ, ਆਪਣੇ ਅਮਲਾਂ ਦੇ ਨਮੂਨੇ ਦਿਖਾਉਣ ਤਾਂ ਉਹਨਾਂ ਦਾ ਸੁਧਾਰ ਹੋ ਜਾਏਗਾ) ਆਪ ਫ਼ਰਮਾਉਂਦੇ ਹਨ "... ਰੱਬ ਨੇ ਪੁਰਸ਼ ਇਸਤਰੀ ਦੋਹਾਂ ਦਾ ਇਕ ਹੀ ਵੁਜੂਦ ਫ਼ਰਮਾਇਆ ਹੈ। ਇਹ ਪੁਰਸ਼ਾਂ ਦਾ ਜ਼ੁਲਮ ਹੈ ਕਿ ਉਹ ਇਸਤਰੀਆਂ ਨੂੰ ਅਜਿਹਾ ਮੌਕਾ ਦਿੰਦੇ ਹਨ ਕਿ ਉਹ ਉਹਨਾਂ ਦੇ ਨੁਕਸ ਫੜਨ, ਉਹਨਾਂ ਨੂੰ ਚਾਹੀਦਾ ਹੈ ਕਿ ਇਸਤਰੀਆਂ ਨੂੰ ਉਕੱ ਹੀ ਅਜਿਹਾ ਮੌਕਾ ਨ ਦੇਣ ਕਿ ਉਹ ਇਹ ਕਹਿ ਸਕਣ ਕਿ ਮੇਰਾ ਪਤੀ ਫ਼ਲਾਣੀ ਬਦੀ ਕਰਦਾ ਹੈ।" (ਕਦੇ ਵੀ ਪੁਰਸ਼ਾਂ ਨੂੰ ਅਜਿਹਾ ਮੌਕਾ ਨਹੀਂ ਦੇਣ ਚਾਹੀਦਾ ਕਿ ਇਸਤਰੀ ਕਹੇ ਕਿ ਤੁਹਾਡੇ ਵਿੱਚ ਫ਼ਲਾਣੀ ਬਦੀ ਹੈ ਤੁਸੀਂ ਤਾਂ ਇਹ ਬਦੀਆਂ ਕਰਦੇ ਹੋ, ਸਗੋਂ ਫ਼ਰਮਾਉਂਦੇ ਹਨ ਕਿ ਮਨੁੱਖ ਨੂੰ ਐਨ੍ਹਾ ਪਾਕ ਤੇ ਸਾਫ਼ ਹੋਣਾ ਚਾਹੀਦਾ ਹੈ ਕਿ "ਸਗੋਂ ਇਸਤਰੀ ਟਕੱਰਾਂ ਮਾਰ ਮਾਰ ਥੱਕ ਜਾਵੇ ਅਤੇ ਕਿਸੇ ਬਦੀ ਦਾ ਉਸ ਨੂੰ ਪਤਾ ਹੀ ਨਾ ਮਿਲ ਸਕੇ ਤਾਂ ਉਸ ਨੂੰ ਦੀਨਦਾਰੀ (ਨੇਕੀ) ਦਾ ਖ਼ਿਆਲ ਹੁੰਦਾ ਹੈ ਅਤੇ ਉਹ ਦੀਨ (ਧਰਮ) ਨੂੰ ਸਮਝਦੀ ਹੈ।"

(ਮਲਫ਼ੂਜ਼ਾਤ ਜਿਲਦ 5, ਪੰਨ੍ਹਾ 207-208 ਐਡੀਸ਼ਨ 1985 ਈ. ਛਾਪਾ ਇੰਨਗਲਿਸਤਾਨ)

ਜੱਦ ਅਜਿਹੀ ਅਵਸਥਾ ਹੋਵੇ ਕਿ ਖੋਜ ਕਰਨ ਦੇ ਬਾਦ ਵੀ ਪੁਰਸ਼ ਵਿੱਚ ਕੋਈ ਬਦੀ ਦਿਖਾਈ ਨ ਦੇਵੇ ਤਾਂ ਫਿਰ ਇਸਤਰੀ ਦੀਨਦਾਰ ਨਹੀਂ ਵੀ ਹੈ ਤਾਂ ਦੀਨ (ਧਰਮ) ਵੱਲ ਉਸਦਾ ਧਿਆਨ ਪੈਦਾ ਹੋਵੇਗਾ। ਏਥੇ ਤਾਂ ਮੈਂ ਦੇਖਿਆ ਇਸਤਰੀਆਂ ਬਹੁਤੀਆਂ ਦੀਨਦਾਰ ਹਨ । ਕਈ ਵਾਰ ਇਹ ਸ਼ਿਕਾਇਤ ਕਰਦੀਆਂ ਹਨ ਕਿ ਸਾਡੇ ਪਤੀ ਦਾ ਦੀਨ (ਧਰਮ) ਵੱਲ ਧਿਆਨ ਨਹੀਂ ਹੈ ।

ਇਕ ਪਾਸੇ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਉਹਨਾਂ ਪੁਰਸ਼ਾਂ ਤੋਂ ਇਹ ਆਸਾਂ ਹਨ ਜੋ ਆਪ ਦੀ ਬੈਅਤ ਵਿੱਚ ਦਾਖ਼ਲ ਹੋਏ ਅਤੇ ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਅਨੇਕਾਂ ਹੀ ਪੁਰਸ਼ ਹਨ ਜਿੰਨ੍ਹਾ ਦੀਆਂ ਸ਼ਿਕਾਇਤਾਂ ਇਸਤਰੀਆਂ ਲੈਕੇ ਆਉਂਦੀਆਂ ਹਨ ਕਿ ਨਮਾਜ਼ ਵਿੱਚ ਸੁਸਤ ਹਨ

ਜਮਾਤ ਨਾਲ ਨਮਾਜ਼ ਤਾਂ ਵੱਖ ਰਹੀ ਘਰ ਵਿੱਚ ਵੀ ਵਖੱਰੀ ਨਮਾਜ਼ ਨਹੀਂ ਪੜ੍ਹਦੇ । ਧਰਮ ਦਾ ਗਿਆਨ ਪੁਰੁਸ਼ਾਂ ਦਾ ਕਮਜ਼ੋਰ ਹੈ । ਚੰਦਿਆਂ ਵਿੱਚ ਵੀ ਕਈ ਘਰਾਂ ਦੇ ਪੁਰੁਸ਼ ਕਮਜ਼ੋਰ ਹਨ । ਟੀ.ਵੀ. ਉਪੱਰ ਵਿਅਰਥ ਅਤੇ ਬੇਹੂਦਾ ਪ੍ਰੋਗਰਾਮ ਦੇਖਣ ਦੀ ਪੁਰੁਸ਼ਾਂ ਦੀ ਸ਼ਿਕਾਇਤਾਂ ਹਨ । ਬੱਚਿਆਂ ਦੀ ਤਰਬੀਯਤ ਵਿੱਚ ਧਿਆਨ ਨ ਦੇਣ ਦੀਆਂ ਸ਼ਿਕਾਇਤਾਂ ਪੁਰੁਸ਼ਾਂ ਬਾਰੇ ਹਨ ਅਤੇ ਜੇਕਰ ਕਦੇ ਘਰ ਦਾ ਮੁਖੀ ਬਣਨ ਦਾ ਜਤਨ ਕਰਨਗੇ ਵੀ, ਪਿਤਾ ਬਣਨ ਦਾ ਜਤਨ ਕਰਨਗੇ ਵੀ ਤਾਂ ਸਿਵਾਏ ਡਾਂਟ ਡਪਟ ਤੇ ਮਾਰ ਕੁੱਟ ਦੇ ਹੋਰ ਕੁਝ ਨਹੀਂ ਹੁੰਦਾ । ਇਸਤਰੀਆਂ ਪੁਰੁਸ਼ਾਂ ਤੋਂ ਸਿਖੱਣ ਦੀ ਥਾਂ ਬਹੁਤਿਆਂ ਘਰਾਂ ਵਿੱਚ ਇਸਤਰੀਆਂ ਪੁਰੁਸ਼ਾਂ ਨੂੰ ਸਿਖਾ ਰਹੀਆਂ ਹੁੰਦੀਆਂ ਹਨ ਜਾਂ ਉਹਨਾਂ ਨੂੰ ਧਿਆਨ ਦੁਆ ਰਹੀਆਂ ਹੁੰਦੀਆਂ ਹਨ ਤਾਂ ਜੋ ਬੱਚੇ ਨ ਵਿਗੜ ਜਾਣ । ਜਿੰਨ੍ਹਾਂ ਘਰਾਂ ਵਿੱਚ ਵੀ ਬੱਚੇ ਤਰਬੀਯਤ ਤੋਂ ਸਖੱਣੇ ਹਨ ਓਥੇ ਸਾਧਾਰਣ ਤੌਰ'ਤੇ ਪੁਰੁਸ਼ਾਂ ਦਾ ਧਿਆਨ ਨ ਦੇਣਾ ਜਾਂ ਪਤਨੀ ਤੇ ਬੱਚਿਆਂ ਉਪੱਰ ਬੇਲੋੜੀ ਸਖ਼ਤੀ ਕਰਨੀ ਹੈ ਕਈ ਬੱਚੇ ਵੀ ਕਈ ਵਾਰ ਆਣਕੇ ਮੈਂਨੂੰ ਸ਼ਿਕਾਇਤ ਕਰ ਜਾਂਦੇ ਹਨ ਕਿ ਸਾਡੇ ਪਿਤਾ ਦਾ ਸਾਡੀ ਮਾਂ ਨਾਲ ਜਾਂ ਸਾਡੇ ਨਾਲ ਸਲੂਕ ਚੰਗਾ ਨਹੀਂ ਹੈ।

ਸੋ, ਜੇਕਰ ਘਰਾਂ ਨੂੰ ਅਮਨ ਭਰਪੂਰ ਬਨਾਉਂਣਾ ਹੈ ਜੇਕਰ ਅਗਲੀ ਨਸਲ ਦੀ ਤਰਬੀਯਤ ਕਰਨੀ ਹੈ ਅਤੇ ਉਹਨਾਂ ਨੂੰ ਧਰਮ ਨਾਲ ਸੰਬੰਧਤ ਰਖੱਣਾ ਹੈ ਤਾਂ ਪੁਰੁਸ਼ਾਂ ਨੂੰ ਆਪਣੀਆਂ ਹਾਲਤਾਂ ਵੱਲ ਧਿਆਨ ਦੇਣਾ ਹੋਵੇਗਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਪੁਰੁਸ਼ਾਂ ਨੂੰ ਧਿਆਨ ਦੁਆਉਂਦਿਆਂ ਹੋਇਆਂ ਹੋਰ ਵਧੇਰੇ ਫ਼ਰਮਾਉਂਦੇ ਹਨ ਕਿ "ਪੁਰੁਸ਼ ਆਪਣੇ ਘਰ ਦਾ ਇਮਾਮ ਹੁੰਦਾ ਹੈ । ਸੋ, ਜੇਕਰ ਉਹੋ ਹੀ ਭੈੜਾ ਪ੍ਰਭਾਵ ਕਾਇਮ ਕਰਦਾ ਹੈ ਤਾਂ ਕਿੰਨ੍ਹਾ ਭੈੜਾ ਪ੍ਰਭਾਵ ਪੈਣ ਦੀ ਉਮੀਦ ਹੈ। (ਉਸ ਦੇ ਅਮਲਾਂ ਨਾਲ ਭੈੜਾ ਪ੍ਰਭਾਵ ਕਾਇਮ ਹੋ ਰਿਹਾ ਹੈ ਤਾਂ ਫਿਰ ਅਗਲੀਆਂ ਨਸਲਾਂ ਵਿੱਚ ਬੁਰਾ ਅਸਰ ਪੈਂਦਾ ਚਲਾ ਜਾਂਦਾ ਹੈ।) ਫ਼ਰਮਾਇਆ ਕਿ "ਪੁਰੁਸ਼ ਨੂੰ ਚਾਹੀਦਾ ਹੈ ਕਿ

ਆਪਣੀ ਸ਼ਕਤੀ ਨੂੰ ਮੌਕਾ ਮਹਲ ਅਨੁਸਾਰ ਯਥਾਯੋਗ ਵਰਤੇਂ ਕਰੇ, ਉਧਾਰਣ ਲਈ ਇਕ ਸ਼ਕਤੀ 'ਗ਼ਜ਼ਬੀ' ਹੈ'' (ਗੁਸੱਾ ਹੈ) ''ਜੱਦ ਉਹ ਸੰਤੁਲਨ ਤੋਂ ਬਹੁਤਾ ਹੋਵੇ ਤਾਂ ਜਨੂਨ ਦਾ ਅਗੇਤਰ ਹੁੰਦਾ ਹੈ'' (ਗੁਸੱਾ ਸੁਭਾਵ ਵਿਚ ਹੈ, ਇਕ ਮਨੁੱਖ ਵਿੱਚ ਹੁੰਦਾ ਹੈ, ਪਰ ਜੱਦ ਹੱਦੋਂ ਵੱਧ ਜਾਵੇ ਤਾਂ ਫਿਰ ਜਨੂਨ ਜਾਂ ਪਾਗਲਪੁਣੇ ਦਾ ਅਗੇਤਾ ਚਿੰਨ੍ਹ ਬਣ ਜਾਂਦਾ ਹੈ, ਫ਼ਰਮਾਇਅ ਕਿ) ''ਜਨੂਨ ਵਿੱਚ ਤੇ ਇਸ ਵਿੱਚ ਬਹੁਤ ਥੋੜਾ ਅੰਤਰ ਹੈ ਫ਼ਰਮਾਇਆ ਜੋ ਮਨੁੱਖ ਬਹੁਤਾ ਗੁੱਸੇ ਖੋਰਾ ਹੁੰਦਾ ਹੈ ਉਸ ਤੋਂ ਦਾਨਾਈ ਦਾ ਸੋਮਾ ਖੋਹ ਲਿਆ ਜਾਂਦਾ ਹੈ । ਸਗੋਂ ਜੇਕਰ ਕੋਈ ਵਿਰੋਧੀ ਹੋਵੇ ਤਾਂ ਉਸ ਨਾਲ ਵੀ ਗੁੱਸੇ ਵਿੱਚ ਆਣਕੇ ਗੱਲ ਨ ਕਰੇ।'' (ਮਲਫ਼ੂਜ਼ਾਤ ਜਿਲਦ 5 ਪੰਨ੍ਹਾ 208, ਐਡੀਸ਼ਨ 1985 ਈ. ਛਾਪਾ ਇੰਗਲਿਸਤਾਨ)
ਘਰ ਵਾਲਿਆਂ ਦੀ ਗੱਲ ਤਾਂ ਵਖੱਰੀ ਰਹੀ, ਵਿਰੋਧੀਆਂ ਨਾਲ ਵੀ ਇਸ ਪ੍ਰਕਾਰ ਗ਼ਜ਼ਬਨਾਕ ਹੋਕੇ ਗੱਲ ਨਹੀਂ ਕਰਨੀ ਚਾਹੀਦੀ। ਸੋ ਇਹ ਹੈ ਮਿਆਰ ਕਿ ਘਰ ਵਿੱਚ ਪਤਨੀ ਤੇ ਬੱਚਿਆਂ ਉਪੱਰ ਗੁਸੱਾ ਨਹੀਂ ਕਰਨਾ ਅਤੇ ਇਹ ਗੁਸੱਾ ਤਾਂ ਵਖੱ ਰਿਹਾ ਜੇਕਰ ਕੋਈ ਵਿਰੋਧੀ ਹੈ ਤਾਂ ਉਸ ਨਾਲ ਵੀ ਗੁੱਸੇ ਵਿਚ ਆਣਕੇ ਅਤੇ ਅਕਲੋਂ ਸਖੱਣੇ ਹੋਕੇ ਗਲੱ ਨਹੀਂ ਕਰਨੀ । ਵਿਰੋਧੀ ਦੀਆਂ ਗਲੱਾਂ ਨੂੰ ਰੱਦ ਕਰਨ ਲਈ ਵੀ ਮੋਮਨ ਦੇ ਮੂੰਹੋਂ ਗੰਦੇ ਤੇ ਗੁੱਸੇ ਨਾਲ ਭਰੇ ਹੋਏ ਸ਼ਬਦ ਨਹੀਂ ਨਿਕਲਣੇ ਚਾਹੀਦੇ।

ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਭਾਰਤ ਜਾ ਪਾਕਿਸਤਾਨ ਤੋਂ ਵੀ ਇਸਤਰੀਆਂ ਆਪਣੇ ਪਤੀਆਂ ਦੇ ਅਤਿਆਚਾਰਾਂ ਬਾਰੇ ਲਿਖੱਦੀਆਂ ਹਨ ਦੋਹਾਂ ਥਾਵਾਂ ਕਾਦੀਆਂ ਵਿੱਚ ਵੀ ਅਤੇ ਪਾਕਿਸਤਾਨ ਵਿੱਚ ਨਜ਼ਾਰਤ ਇਸਲਾਹ ਵ ਇਰਸ਼ਾਦ ਅਤੇ ਜ਼ੈਲੀ ਤੰਜ਼ੀਮਾਂ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਬਾਕੀ ਦੁਨੀਆ ਵਿੱਚ ਵੀ ਆਪਣੀ ਤਰਬੀਯਤ ਦੇ ਪ੍ਰੋਗਰਾਮਾ ਵੱਲ ਬਹੁਤਾ ਧਿਆਨ ਦੇਣਾ ਚਾਹੀਦਾ ਹੈ । ਪ੍ਰਚਾਰ ਕਰ ਰਹੇ ਹਨ ਅਤੇ

ਧਾਰਮਕ ਨੀਤੀਆਂ ਸਿੱਖ ਰਹੇ ਹਨ ਪਰ ਘਰਾਂ ਵਿੱਚ ਬੇ ਚੈਨੀਆਂ ਹਨ ਤਾਂ ਇਸ ਸਾਰੇ ਗਿਆਨ ਤੇ ਪ੍ਰਚਾਰ ਦਾ ਕੋਈ ਲਾਭ ਨਹੀਂ ਹੈ ।

ਇਸਤਰੀ ਦੀ ਚਾਹਤ, ਅਤੇ ਉਹ ਆਪ ਪੁਰੁਸ਼ ਨੂੰ ਕਿਵੇਂ ਦੇਖ ਰਹੀ ਹੁੰਦੀ ਹੈ, ਇਸ ਬਾਰੇ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ "ਪੁਰੁਸ਼ ਦੀਆਂ ਉਹਨਾਂ ਗਲੱਾਂ ਤੇ ਗੁਣਾ ਨੂੰ ਇਸਤਰੀ ਦੇਖਦੀ ਹੈ। ਉਹ ਦੇਖਦੀ ਹੈ ਕਿ ਮੇਰੇ ਪਤੀ ਵਿੱਚ ਫ਼ਲਾਣੇ ਫ਼ਲਾਣੇ ਸੰਜਮਤਾ ਦੇ ਗੁਣ ਹਨ ਜਿਵੇਂ ਉਦਾਰਤਾ, ਨਮ੍ਰਤਾ ਤੇ ਧੀਰਜ ਆਦਿ, ਜਿਵੇਂ ਉਸ ਨੂੰ (ਇਸਤਰੀ ਨੂੰ) ਪਰਖਣ ਦਾ ਮੌਕਾ ਮਿਲਦਾ ਹੈ ਉਹ ਕਿਸੇ ਦੂਜੇ ਨੂੰ ਨਹੀਂ ਮਿਲ ਸਕਦਾ ।" (ਘਰ ਵਿੱਚ ਪ੍ਰਤੀਦਿਨ ਦੇਖ ਰਹੀ ਹੁੰਦੀ ਹੈ) ਫ਼ਰਮਾਇਆ ਕਿ "ਇਸੇ ਲਈ ਇਸਤਰੀ ਨੂੰ 'ਸਾਰਿਕ' (ਚਿੱਤ ਚੋਰ) ਕਿਹਾ ਹੈ ਕਿਉਂਕਿ ਇਹ ਭੀਤਰ ਹੀ ਭੀਤਰ ਨੇਕੀਆਂ ਦੀ ਚੋਰੀ ਕਰਦੀ ਰਹਿੰਦੀ ਹੈ ਇੱਥੋਂ ਤੱਕ ਕਿ ਅਖੀਰ ਇਕ ਸਮਾਂ ਪਾਕੇ ਸਾਰੀਆਂ ਨੇਕੀਆਂ ਹਾਸਲ ਕਰ ਲੈਂਦੀ ਹੈ।" ਫ਼ਰਮਾਉਂਦੇ ਹਨ ਕਿ "ਇਕ ਵਿਅਕਤੀ ਬਾਰੇ ਆਉਂਦਾ ਹੈ ਕਿ ਉਹ ਇਕ ਵਾਰ ਇਸਾਈ ਹੋਇਆ (ਇਸਲਾਮ ਛਡੱਕੇ) ਤਾਂ ਇਸਤਰੀ ਵੀ ਉਸ ਦੇ ਨਾਲ ਇਸਾਈ ਹੋ ਗਈ । ਸ਼ਰਾਬ ਆਦਿ ਪਹਿਲਾਂ ਸ਼ੁਰੂ ਕੀਤੀ ਪਰਦਾ ਵੀ ਛੱਡ ਦਿਤੱਾ, ਗੈਰ ਲੋਕਾਂ ਨਾਲ ਵੀ ਮਿਲਣ ਲੱਗੀ (ਉਸਦੀ ਪਤਨੀ) ਪਤੀ ਨੇ ਫਿਰ ਇਸਲਾਮ ਵੱਲ ਮੂੰਹ ਮੋੜਿਆ (ਕੁਝ ਸਮਾਂ ਬਾਦ ਪਤੀ ਨੂੰ ਵਿਚਾਰ ਆਇਆ ਕਿ ਮੈਂ ਇਸਲਾਮ ਛਡੱਕੇ ਗ਼ਲਤੀ ਕੀਤੀ ਸੀ, ਮੁੜ੍ਹ ਇਸਲਾਮ ਵੱਲ ਧਿਆਨ ਕੀਤਾ) ਫਿਰ ਉਸ ਨੇ ਪਤਨੀ ਨੂੰ ਵੀ ਕਿਹਾ ਕਿ (ਹੁਣ) ਤੂੰ ਵੀ ਮੇਰੇ ਨਾਲ ਮੁਸਲਮਾਨ ਹੋ, ਉਸ ਨੇ ਕਿਹਾ ਹੁਣ ਮੇਰਾ ਮੁਸਲਮਾਨ ਹੋਣਾ ਮੁਸ਼ਕਲ ਹੈ, ਇਹ ਆਦਤਾਂ ਜੋ ਸ਼ਰਾਬ ਆਦਿ ਤੇ ਆਜ਼ਾਦੀ ਦੀਆਂ ਪੈ ਗਈਆਂ ਹਨ ਇਹ ਨਹੀਂ ਛੁੱਟ ਸਕਦੀਆਂ।" (ਮਲਫ਼ੂਜ਼ਾਤ ਜਿਲਦ 5, ਪੰਨ੍ਹਾ 208-209 ਵਿੱਚੋਂ, ਐਡੀਸ਼ਨ 1985 ਈ. ਛਾਪਾ ਇੰਗਲਿਸਿਤਾਨ)

ਇਹ ਤਾਂ ਇਕ ਅਥਾਹ ਹੈ ਕਿ ਪੁਰੁਸ਼ ਇਸਲਾਮ ਤੋਂ ਵੀ ਦੂਰ ਹੱਟ ਗਿਆ ਅਤੇ ਦੂਰ ਹੋਕੇ ਇਸਾਈਯਤ ਧਾਰਣ ਕਰ ਲਈ ਪਰ ਬਹੁਤ ਸਾਰੇ ਪੁਰੁਸ਼ ਅਜਿਹੇ ਵੀ ਹੁੰਦੇ ਹਨ ਕਿ ਇਸਲਾਮ ਤਾਂ ਨਹੀਂ ਛਡੱਦੇ, ਨਾਂ ਦੀ ਹੱਦ ਤੱਕ ਜੁੜੇ ਰਹਿੰਦੇ ਹਨ । ਆਪਣੇ ਆਪ ਨੂੰ ਮੁਸਲਮਾਨ ਹੀ ਕਹਿੰਦੇ ਹਨ, ਪਰ ਆਜ਼ਾਦੀ ਦੇ ਨਾਂ'ਤੇ ਬਹੁਤ ਸਾਰੀਆਂ ਗ਼ਲਤ ਹਰਕਤਾਂ ਵਿੱਚ ਗੜੂੰਦ ਹੋ ਜਾਂਦੇ ਹਨ । ਜਿਵੇਂ ਕਿ ਪਹਿਲਾਂ ਵੀ ਮੈਂ ਵਰਨਣ ਕਰਕੇ ਆਇਆ ਹਾਂ ਅਤੇ ਫਿਰ ਇਹਨਾ ਦੀ ਦੇਖਾ ਦੇਖੀ ਜਾਂ ਪੁਰੁਸ਼ਾਂ ਦੇ ਕਹਿਣ'ਤੇ ਇਸਤਰੀਆਂ ਵੀ ਆਜ਼ਾਦੀ ਦੇ ਨਾਂ'ਤੇ ਇਸੇ ਵਾਤਾਵਰਣ ਵਿੱਚ ਢੱਲ ਜਾਂਦੀਆਂ ਹਨ । ਫਿਰ ਕੁਝ ਸਮਾਂ ਬਾਦ ਪੁਰੁਸ਼ਾਂ ਨੂੰ ਵਿਚਾਰ ਆਉਂਦਾ ਹੈ ਕਿ ਪਤਨੀ ਬਹੁਤੀ ਆਜ਼ਾਦ ਹੋ ਗਈ ਹੈ ਅਤੇ ਜੱਦ ਉਸ ਨੂੰ ਇਸ ਆਜ਼ਾਦੀ ਤੋਂ ਵਾਪਸ ਲਿਆਉਣ ਦਾ ਜਤਨ ਕਰਦਾ ਹੈ ਤਾਂ ਫਿਰ ਲੜਾਈਆਂ ਸ਼ੁਰੂ ਜਾਂਦੀਆਂ ਹਨ । ਫਿਰ ਮਾਰ ਧਾੜ ਵੀ ਏਥੇ ਹੁੰਦੀ ਹੈ । ਏਥੇ ਵੀ ਇਹੋ ਕਿੱਸੇ ਤੇ ਘਟਨਾਵਾਂ ਹੁੰਦੀਆਂ ਹਨ । ਅਤੇ ਜਿਵੇਂ ਕਿ ਮੈਂ ਕਿਹਾ ਕਿ ਫਿਰ ਇਹਨਾਂ ਦੇਸ਼ਾਂ ਵਿੱਚ ਪੁਲਿਸ ਝੱਟ ਆ ਜਾਂਦੀ ਹੈ । ਇਸਤਰੀਆਂ ਤੇ ਬੱਚਿਆਂ ਦੇ ਅਧਿਕਾਰਾਂ ਦੇ ਅਦਾਰੇ ਜੋ ਹਨ ਉਹ ਵਿੱਚ ਆ ਜਾਂਦੇ ਹਨ ਅਤੇ ਫਿਰ ਘਰ ਵੀ ਟੁੱਟਦੇ ਹਨ ਅਤੇ ਬੱਚੇ ਵੀ ਬਰਬਾਦ ਹੁੰਦੇ ਹਨ। ਇਸ ਤੋਂ ਪਹਿਲਾਂ ਕਿ ਘਰ ਟੁਟੱਣ ਅਤੇ ਬੱਚੇ ਬਰਬਾਦ ਹੋਣ, ਅਜਿਹੇ ਪੁਰੁਸ਼ਾਂ ਨੂੰ ਆਪਣੀਆਂ ਜ਼ਿੱਮੇਦਾਰੀਆਂ ਨੂੰ ਸਮਝਣਾ ਚਾਹੀਦਾ ਹੈ ਜੋ ਉਹਨਾਂ'ਤੇ ਆਪਣੀ ਪਤਨੀ ਤੇ ਬੱਚਿਆਂ ਬਾਰੇ ਧਰਮ ਪਾਉਂਦਾ ਹੈ ਜੋ ਇਸਲਾਮ ਨੇ ਉਹਨਾਂ ਦੀਆਂ ਜ਼ਿੱਮੇਦਾਰੀਆਂ ਨਿਰਧਾਰਤ ਕੀਤੀਆਂ ਹਨ ।

ਇਸਤਰੀਆਂ ਦੇ ਹੱਕ ਅਤੇ ਉਹਨਾਂ ਨਾਲ ਸੁਲੂਕ ਬਾਰੇ ਇਕ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ "ਇਸਤਰੀਆਂ ਦੇ ਹੱਕ ਦੀ ਜਿਵੇਂ ਇਸਲਾਮ ਨੇ ਸੁਰੱਖਿਆ ਕੀਤੀ ਹੈ ਵੈਸੀ ਸੁਰੱਖਿਆ ਕਿਸੇ ਹੋਰ ਧਰਮ ਨੇ ਉਕੱਾ ਹੀ ਨਹੀਂ ਕੀਤੀ । ਸੰਖੇਪ ਸ਼ਬਦਾਂ ਵਿੱਚ ਫ਼ਰਮਾ ਦਿਤੱਾ

ਕਿ ( وَلَهُنَّ مِثْلُ الَّذِىْ عَلَيْهِنَّ ) 'ਵਲਾਹੁਨੱਾ ਮਿਸਲੁਲੱਜ਼ੀਨਾ ਅਲੈਹਿਨੱਾ' (ਸੂਰਤ ਅਲਬਕਰਹ 229) ਕਿ ਜਿਵੇਂ ਪੁਰੁਸ਼ਾਂ ਦੇ ਇਸਤਰੀਆਂ ਉਪੱਰ ਹੱਕ ਹਨ ਵੈਸੇ ਹੀ ਇਸਤਰੀਆਂ ਦੇ ਪੁਰੁਸ਼ਾਂ ਉਪੱਰ (ਹੱਕ) ਹਨ । ਫ਼ਰਮਾਇਆ ਕਿ "ਕਈ ਲੋਕਾਂ ਦਾ ਹਾਲ ਸੁਣਿਆ ਜਾਂਦਾ ਹੈ ਕਿ ਉਹਨਾਂ ਵਿਚਾਰੀਆਂ ਨੂੰ ਪੈਰ੍ਹ ਦੀ ਜੁੱਤੀ ਵਾਂਗ ਜਾਣਦੇ ਹਨ ਅਤੇ ਜ਼ਲੀਲ ਸੇਵਾਵਾਂ ਉਹਨਾਂ ਤੋਂ ਲੈਂਦੇ ਹਨ । ਗਾਲ੍ਹਾਂ ਕਢੱਦੇ ਹਨ, ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ ਅਤੇ ਪਰਦੇ ਦੇ ਆਦੇਸ਼ ਅਜਿਹੇ ਅਣ ਉਚਿਤ ਢੰਗ ਨਾਲ ਵਰਤੇ ਹਨ ਕਿ ਉਹਨਾਂ ਨੂੰ ਜੀਉਂਦੀਆਂ ਨੂੰ ਦਰਗੋਰ (ਦਫ਼ਨਾਉਣਾ) ਕਰ ਦਿੰਦੇ ਹਨ" ਅਰਥਾਤ ਅਜਿਹੀ ਸ਼ਖ਼ਤੀ ਹੈ ਕਿ ਹੱਥ ਮੂੰਹ ਦੇ ਪਰਦੇ ਦੀ ਇਉਂ ਸਖਤੀ ਹੈ ਕਿ ਇਸਤਰੀ ਲਈ ਸਾਹ ਲੈਂਣਾ ਔਖਾ ਹੋ ਜਾਂਦਾ ਹੈ । ਇਸ ਪ੍ਰਕਾਰ ਦੀ ਸ਼ਖਤੀ ਨਹੀਂ ਹੋਣੀ ਚਾਹੀਦੀ । ਇਸਲਾਮ ਬਹੁਤ ਵਡੱਾ ਸਮੋਇਆ ਹੋਇਆ ਧਰਮ ਹੈ । ਦੂਜੇ ਪਾਸੇ ਇਸਤਰੀਆਂ ਨੂੰ ਵੀ ਸੰਤੁਲਨ ਰਖੱਣਾ ਚਾਹੀਦਾ ਕਿ ਪਰਦੇ ਦੀ ਸਹੂਲਤ ਦੇ ਨਾਂ'ਤੇ ਲੋੜ ਤੋਂ ਵੱਧ ਆਜ਼ਾਦੀ ਹਾਸਲ ਨ ਕਰ ਲੈਂਣ ਅਤੇ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕਈ ਲੋੜ ਤੋਂ ਵੱਧ ਆਜ਼ਾਦ ਹੋ ਗਈਆਂ ਹਨ ਅਤੇ ਕੇਵਲ ਨਾਂ ਦਾ ਪਰਦਾ ਰਹਿ ਗਿਆ ਹੈ । ਇਹ ਵੀ ਗ਼ਲਤ ਹੈ । ਸੋ, ਇਸਤਰੀਆਂ ਵੀ ਚੇਤੇ ਰਖੱਣ ਕਿ ਸਿਰ ਤੇ ਸ਼ਰੀਰ ਨੂੰ ਹਿਯਾ ਦੇ ਤਕਾਦੇ ਪੂਰੇ ਕਰਦਿਆਂ ਹੋਇਆਂ ਢਕੱਣਾ ਜ਼ਰੂਰੀ ਹੈ । ਇਹੋ ਰੱਬ ਦਾ ਆਦੇਸ਼ ਹੈ । ਇਸ ਦਾ ਧਿਆਨ ਰਖੱਣਾ ਚਾਹੀਦਾ ਹੈ ।

ਪਤੀ ਪਤਨੀ ਦੇ ਸੰਬੰਧਾਂ ਦਾ ਮਿਆਰ ਕੀ ਹੋਣਾ ਚਾਹੀਦਾ ਹੈ? ਇਸ ਗੱਲ ਨੂੰ ਵਰਨਣ ਕਰਦਿਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : "ਚਾਹੀਦਾ ਹੈ ਕਿ ਪਤਨੀਆਂ ਨਾਲ ਪਤੀਆਂ ਦਾ ਅਜਿਹਾ ਸੰਬੰਧ ਹੋਵੇ ਕਿ ਜਿਵੇਂ ਦੋ ਸੱਚੇ ਅਤੇ ਹਕੀਕੀ ਮਿਤੱਰਾਂ ਦਾ ਹੁੰਦਾ ਹੈ । ਮਨੁੱਖ ਦੇ ਚੰਗੇ ਅਖ਼ਲਾਕ ਅਤੇ ਰੱਬ ਨਾਲ ਸੰਬੰਧ ਦੀ ਪਹਿਲੀ ਗਵਾਹੀ ਤਾਂ ਇਹੋ

ਇਸਤਰੀ ਹੁੰਦੀ ਹੈ। ਜੇਕਰ ਇਹਨਾਂ ਨਾਲ ਹੀ ਸੰਬੰਧ ਚੰਗੇ ਨਹੀਂ ਤਾਂ ਫਿਰ ਕਿਵੇਂ ਸੰਭਵ ਹੈ ਕਿ ਰੱਬ ਨਾਲ ਸੁਲਾਹ ਹੋਵੇ।'' (ਘਰ ਵਿੱਚ ਹੀ ਸੰਬੰਧ ਠੀਕ ਨਹੀਂ ਤਾਂ ਫਿਰ ਇਹ ਵੀ ਕਠਿਨ ਹੈ ਕਿ ਰੱਬ ਨਾਲ ਵੀ ਸੁਲਾਹ ਹੋਵੇ ਅਤੇ ਰੱਬ ਦੇ ਆਦੇਸ਼ਾਂ ਉਪੱਰ ਅਮਲ ਹੋਵੇ।) ਫ਼ਰਮਾਇਆ ਕਿ ''ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ (خَيْرُكُمْ خَيْرُكُمْ لِاَهْلِهٖ) 'ਖ਼ੈਰੁਕੁਮ ਖ਼ੈਰੁਕੁਮ ਲਿ ਅਹਲਿਹੀ' ਤੁਹਾਡੇ ਵਿੱਚੋਂ ਉਹ ਚੰਗਾ ਹੈ ਜੋ ਆਪਣੇ ਪਰਿਵਾਰ ਲਈ ਚੰਗਾ ਹੈ।'' (ਮਲਫ਼ੂਜ਼ਾਤ ਜਿਲਦ 5 ਪੰਨਾ 417-418, ਐਡੀਸ਼ਨ 1985 ਈ. ਛਾਪਾ ਇੰਗਲਿਸਤਾਨ) ਸੋ ਇਹ ਹੈ ਉਹ ਮਿਆਰ ਜੋ ਹਰ ਪੁਰਸ਼ ਨੂੰ ਅਪਨਾਉਣਾ ਚਾਹੀਦਾ ਹੈ ।

ਫਿਰ ਪੁਰਸ਼ਾਂ ਦੀ ਬਾਪ ਹੋਣ ਦੇ ਨਾਤੇ ਜੋ ਜ਼ਿੱਮੇਦਾਰੀ ਹੈ ਉਸ ਨੂੰ ਵੀ ਸਮਝਣ ਦੀ ਲੋੜ ਹੈ । ਕੇਵਲ ਇਹ ਨ ਸਮਝ ਲੈਂਣ ਕਿ ਇਹ ਕੇਵਲ ਮਾਂ ਦੀ ਜ਼ਿੱਮੇਦਾਰੀ ਹੈ ਕਿ ਬੱਚੇ ਦੀ ਤਰਬੀਯਤ ਕਰੇ । ਭਾਵੇਂ ਇਕ ਨਿੱਕੀ ਉਮਰ ਤੱਕ ਬੱਚੇ ਦਾ ਸਮਾਂ ਮਾਂ ਨਾਲ ਲੰਘਦਾ ਹੈ ਅਤੇ ਅਤਿ ਬਚਪੁਣੇ ਦੀ ਮਾਵਾਂ ਦੀ ਤਰਬੀਯਤ ਬਹੁਤ ਮਹਤੱਵਪੂਰਨ ਕਿਰਦਾਰ ਨਿਭਾਉਂਦੀ ਹੈ ਪਰ ਇਸ ਤੋਂ ਇਸ ਨਾਲ ਪੁਰਸ਼ ਆਪਣੇ ਜ਼ਿੱਮੇ ਲੱਗੇ ਕਰਤਵਾਂ ਤੋਂ ਬਰੀ ਨਹੀਂ ਹੋ ਜਾਂਦੇ । ਬਾਪ ਨੂੰ ਆਪਣੇ ਬੱਚਿਆਂ ਦੀ ਤਰਬੀਯਤ ਵਿੱਚ ਆਪਣਾ ਕਿਰਦਾਰ ਅਦਾ ਕਰਨਾ ਚਾਹੀਦਾ ਹੈ । ਵਿਸ਼ੇਸ਼ ਰੂਪ ਵਿੱਚ ਲੜਕੇ ਜਦੋਂ ਸੱਤ ਅੱਠ ਸਾਲ ਦੇ ਹੋ ਜਾਂਦੇ ਹਨ ਤਾਂ ਇਸ ਦੇ ਬਾਦ ਉਹ ਪਿਤਾ ਦੇ ਧਿਆਨ ਤੇ ਦ੍ਰਿਸ਼ਟੀ ਦੇ ਮੁਥਾਜ ਹੁੰਦੇ ਹਨ ਵਰਨਾ ਵਿਸ਼ੇਸ਼ ਰੂਪ ਵਿੱਚ ਪਛੱਮੀ ਸਮਾਜ ਵਿੱਚ ਬੱਚਿਆਂ ਦੇ ਵਿਗੜਣ ਦੇ ਬਹੁਤੇ ਚਾਂਸ ਹੁੰਦੇ ਹਨ । ਪਿਤਾ ਨੂੰ ਜਿੱਥੇ ਬੱਚਿਆਂ ਦਾ ਮਾਨ ਤੇ ਸਤਿਕਾਰ ਕਰਨ ਦੀ ਲੋੜ ਹੈ ਤਾਂ ਜੋ ਉਹਨਾਂ ਦੇ ਅਖ਼ਲਾਕ (ਆਚਰਣ) ਚੰਗੇ ਹੋਣ ਓਥੇ ਉਹਨਾਂ'ਤੇ ਡੂੰਘੀ ਨਜ਼ਰ ਰਖੱਣ ਦੀ ਵੀ ਲੋੜ ਹੈ ਤਾਂ ਜੋ ਵਾਤਾਵਰਣ ਦੇ ਕੁਪ੍ਰਭਾਵ ਤੋਂ ਬਚੇ ਰਹਿਣ ।

ਫਿਰ ਪਿਤਾ ਦਾ ਬੱਚਿਆਂ ਨਾਲ ਸੰਬੰਧ ਬੱਚਿਆਂ ਨੂੰ ਇਕ ਸੁਰੱਖਿਆ ਪ੍ਰਦਾਨ ਕਰਦਾ ਹੈ । ਅਨੇਕਾਂ ਹੀ ਪਿਤਾ ਬੱਚਿਆਂ ਦੇ ਰਵਈਏ ਬਾਰੇ ਸ਼ਿਕਾਇਤ ਕਰਦੇ ਹਨ ਕਿ ਉਹਨਾਂ ਵਿੱਚ ਝਿਝਕ ਪੈਦਾ ਹੋ ਗਈ ਹੈ ਜਾਂ ਭਰੋਸੇ ਦੀ ਘਾਟ ਪੈਦਾ ਹੋ ਗਈ ਹੈ ਜਾਂ ਗ਼ਲਤ ਬੋਲਣ ਲੱਗ ਗਏ ਹਨ ਅਤੇ ਜੱਦ ਬਾਪਾਂ ਨੂੰ ਕਿਹਾ ਜਾਵੇ ਕਿ ਬੱਚਿਆਂ ਦੇ ਨੇੜੇ ਹੋਣ ਅਤੇ ਉਹਨਾਂ ਨਾਲ ਵਿਅਕਤੀਗੱਤ ਸੰਬੰਧ ਬਨਾਉਣ, ਮਿਤੱਰਤਾ ਵਾਲੇ ਸੰਬੰਧ ਬਨਾਉਣ ਤਾਂ ਸਾਧਾਰਣ ਤੌਰ'ਤੇ ਦੇਖਣ ਵਿੱਚ ਅਇਆ ਹੈ ਕਿ ਫਿਰ ਇਸ ਦੇ ਸਿੱਟੇ ਵਿੱਚ ਬੱਚੇ ਦੀਆਂ ਕਮਜ਼ੋਰੀਆਂ ਦੂਰ ਹੋਣਾ ਸ਼ੁਰੂ ਹੋ ਜਾਂਦੀਆਂ ਹਨ । ਸੋ, ਬੱਚਿਆਂ ਵਿੱਚ ਬਾਹਰ ਦੇ ਮਹੌਲ ਤੋਂ ਸੁਰੱਖਿਆ ਦਾ ਅਹਿਸਾਸ ਦੁਆਉਣ ਲਈ ਜ਼ਰੂਰੀ ਹੈ ਕਿ ਬਾਪ ਕੁਝ ਸਮਾਂ ਬੱਚਿਆਂ ਨਾਲ ਬਾਹਰ ਲੰਘਾਉਣ ।

ਫਿਰ ਪਿਤਾ ਦੀ ਇਹ ਜ਼ਿੰਮੇਦਾਰੀ ਵੀ ਹੈ ਕਿ ਧਾਰਮਕ ਤਰਬੀਯਤ ਵੱਲ ਵੀ ਧਿਆਨ ਦੇਣ, ਜਿੱਥੇ ਬੱਚਿਆਂ ਦੀ ਤਰਬੀਯਤ ਵੱਲ ਕਰਮ ਰੂਪੀ ਧਿਆਨ ਦੇਣ ਓਥੇ ਉਹਨਾਂ ਲਈ ਦੁਆਵਾਂ ਵੱਲ ਵੀ ਧਿਆਨ ਦੇਣ । ਇਹ ਵੀ ਜ਼ਰੂਰੀ ਚੀਜ਼ ਹੈ । ਤਰਬੀਯਤ ਦੇ ਅਸਲ ਫਲ ਤਾਂ ਰੱਬ ਦੀ ਮਿਹਰ ਨਾਲ ਲਗੱਦੇ ਹਨ ਪਰ ਜੋ ਆਪਣੇ ਜਤਨ ਹਨ ਉਹ ਮਨੁੱਖ ਨੂੰ ਜ਼ਰੂਰ ਕਰਨੇ ਚਾਹੀਦੇ ਹਨ ।

ਤਰਬੀਯਤ ਦੇ ਤਰੀਕਿਆਂ ਤੇ ਬੱਚਿਆਂ ਲਈ ਦੁਆਵਾਂ ਵੱਲ ਧਿਆਨ ਦੁਆਉਂਦਿਆਂ ਹੋਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, "ਸੁਮਾਰਗ ਤੇ ਤਰਬੀਯਤ ਰੱਬ ਦੇ ਕਰਮ ਹਨ" (ਹਕੀਕੀ ਤਰਬੀਯਤ ਰੱਬ ਦਾ ਕੰਮ ਹੈ) । "ਸਖ਼ਤ ਪਿਛੱਾ ਕਰਨਾ ਅਤੇ ਇਕ ਗੱਲ'ਤੇ ਹੱਠ ਕਰਕੇ ਹਦੋਂ ਪਾਰ ਲੰਘ ਜਾਣਾ ਅਰਥਾਤ ਗੱਲ ਗੱਲ'ਤੇ ਬੱਚਿਆਂ ਨੂੰ ਰੋਕਣਾ ਟੋਕਣਾ ਇਹ ਪ੍ਰਕਟ ਕਰਦਾ ਹੈ ਕਿ ਸੰਭਵਤਾ ਅਸੀਂ ਹੀ ਸੁਮਾਰਗ ਦੇ ਮਾਲਕ ਹਨ ਅਤੇ ਸੰਭਵਤਾ ਅਸੀਂ ਇਸ ਨੂੰ ਆਪਣੀ ਮਰਜ਼ੀ ਅਨੁਸਾਰ ਸੁਮਾਰਗ'ਤੇ ਲੈ

ਆਵਾਂਗੇ। ਇਹ ਇਕ ਪ੍ਰਕਾਰ ਦਾ ਗੁਪਤ ਸ਼ਿਰਕ ਹੈ, ਇਸ ਤੋਂ ਸਾਡੀ ਜਮਾਤ ਨੂੰ ਪਰਹੇਜ਼, ਕਰਨਾ ਚਾਹੀਦਾ ਹੈ।'' ਆਪਣੇ ਬਾਰੇ ਫਰਮਾਇਆ ਕਿ ''ਅਸੀਂ ਤਾਂ ਆਪਣੇ ਬੱਚਿਆਂ ਲਈ ਦੁਆ ਕਰਦੇ ਹਾਂ ਅਤੇ ਸਰਸਰੀ ਤੌਰ'ਤੇ ਨੀਯਮਾ ਤੇ ਸਤਿਕਾਰ ਦੀ ਸਿੱਖਿਆ ਦੀ ਪਾਬੰਦੀ ਕਰਾਉਂਦੇ ਹਾਂ।'' (ਸਾਡੀ ਸਿੱਖਿਆ ਕੀ ਹੈ? ਇਸ ਦੇ ਆਦਾਬ ਕੀ ਹਨ? ਕੀ ਨੀਯਮ ਹਨ? ਇਸ ਦੀ ਪਾਬੰਦੀ ਵੱਲ ਧਿਆਨ ਦੁਆਉਂਦੇ ਰਹੋ) ''ਸੋ, ਇਸ ਤੋਂ ਵੱਧ ਹੋਰ ਨਹੀਂ ਅਤੇ ਫਿਰ ਆਪਣਾ ਪੂਰਾ ਭਰੋਸਾ ਰੱਬ ਉਪੱਰ ਰਖੱਦੇ ਹਾਂ ਜਿਹੋ ਜਿਹਾ ਕਿਸੇ ਵਿੱਚ ਨੇਕੀ ਦਾ ਤੁਖ਼ਮ (ਬੀਜ) ਹੋਵੇਗਾ ਸਮਾਂ ਆਉਣ'ਤੇ ਹਰਿਆ ਹੋ ਜਾਵੇਗਾ ।''

**(ਮਲਫ਼ੂਜ਼ਾਤ ਜਿਲਦ 2, ਪੰਨ੍ਹਾ 5 ਐਡੀਸ਼ਨ 1985 ਈ. ਛਾਪਾ ਇੰਗਲਿਸਤਾਨ)**

ਇਸ ਲਈ ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੱਦ ਫ਼ਰਮਾਉਂਦੇ ਹਨ ਕਿ ਅਸੀਂ ਦੁਆ ਕਰਦੇ ਹਾਂ ਤਾਂ ਇਹਨਾਂ ਦੁਆਵਾਂ ਦੇ ਮਿਆਰ ਵੀ ਬਹੁਤ ਬੁਲੰਦ ਹਨ । ਇਸ ਗੱਲ ਨੂੰ ਮਮੂਲੀ ਨਹੀਂ ਸਮਝਣਾ ਚਾਹੀਦਾ । ਅਤੇ ਦੁਆ ਦੇ ਮਿਆਰ ਹਾਸਲ ਕਰਨ ਲਈ ਸਾਨੂ ਬਹੁਤ ਅਧਿਕ ਮਿਹਨਤ ਕਰਨ ਦੀ ਲੋੜ ਹੈ । ਇਹ ਕੋਈ ਸਾਧਰਣ ਗੱਲ ਨਹੀਂ ਹੈ ਇਸ ਲਈ ਬਾਪਾਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਪਿਤਾ ਹੋਣ ਦੇ ਨਾਤੇ ਬੱਚਿਆਂ ਦੀ ਤਰਬੀਯਤ ਵੱਲ ਕਿਵੇਂ ਅਤੇ ਕਿਸ ਪ੍ਰਕਾਰ ਧਿਆਨ ਦੇਣਾ ਚਾਹੀਦਾ ਹੈ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਹੁਤ ਵਿਸਥਾਰ ਨਾਲ ਇਕ ਥਾਂ ਫ਼ਰਮਾਉਂਦੇ ਹਨ ਕਿ ''ਕਈ ਲੋਕਾਂ ਦਾ ਇਹ ਵੀ ਵਿਚਾਰ ਹੁੰਦਾ ਹੈ ਕਿ ਸੰਤਾਨ ਲਈ ਕੁਝ ਮਾਲ ਛਡੱਣਾ ਚਾਹੀਦਾ ਹੈ । ਮੈਂਨੂੰ ਹੈਰਾਨੀ ਹੁੰਦੀ ਹੈ ਕਿ ਮਾਲ ਛਡੱਣ ਦਾ ਵਿਚਾਰ ਤਾਂ ਉਹਨਾਂ ਨੂੰ ਆਉਂਦਾ ਹੈ ਪਰ ਇਹ ਵਿਚਾਰ ਨਹੀਂ ਆਉਂਦਾ ਕਿ ਇਸ ਗੱਲ ਦੀ ਚਿੰਤਾ ਕਰਨ ਕਿ ਸੰਤਾਨ ਸਾਲੇਹ ਤੇ ਨੇਕ ਹੋਵੇ'' (ਅਰਥਾਤ ਭੈੜੀ ਤੇ ਬਦਕਾਰ ਨ ਹੋਵੇ ਸਗੋਂ ਨੇਕ ਤੇ ਸਾਲੇਹ ਹੋਵੇ) ਫ਼ਰਮਾਇਆ ਕਿ ''ਪਰ ਇਹ ਭਰਮ ਵੀ ਨਹੀਂ ਆਉਂਦਾ ਅਤੇ ਨ

ਹੀ ਇਸ ਦੀ ਪਰਵਾਹ ਕੀਤੀ ਜਾਂਦੀ ਹੈ । ਕਈ ਵਾਰ ਅਜਿਹੇ ਲੋਕ ਸੰਤਾਨ ਲਈ ਮਾਲ ਇਕੱਤਰ ਕਰਦੇ ਹਨ ਅਤੇ ਸੰਤਾਨ ਦੀ ਸਮਰਥਾ ਤੇ ਗੁਣਾ ਦੀ ਚਿੰਤਾ ਤੇ ਪਰਵਾਹ ਨਹੀਂ ਕਰਦੇ, ਉਹ ਆਪਣੇ ਜੀਵਨ ਵਿੱਚ ਹੀ ਸੰਤਾਨ ਦੇ ਹੱਥੀ ਦੁਖੀ ਹੁੰਦੇ ਹਨ ਅਤੇ ਉਸ ਦੀ ਬੁਰੀਆਂ ਆਦਤਾਂ ਕਰਕੇ ਔਕੁੜਾਂ ਵਿੱਚ ਪੈ ਜਾਂਦੇ ਹਨ ਅਤੇ ਉਹ ਧਨ ਜੋ ਉਹਨਾਂ ਨੇ ਰੱਬ ਜਾਣੇ ਕਿੰਨ੍ਹੇ ਹੀਲਿਆਂ ਰਾਹੀਂ ਇਕੱਤਰ ਕੀਤਾ ਸੀ ਅਖੀਰ ਬੁਰੀਆਂ ਆਦਤਾਂ, ਬਦਕਾਰੀ ਤੇ ਸ਼ਰਾਬ ਖੋਰੀ ਵਿੱਚ ਖ਼ਰਚ ਹੁੰਦਾ ਹੈ ਅਤੇ ਉਹ ਸੰਤਾਨ ਅਜਿਹੇ ਮਾਂਪਿਆਂ ਲਈ ਸ਼ਰਾਰਤ ਤੇ ਬਦਮਾਸ਼ੀ ਦੀ ਵਾਰਸ ਹੁੰਦੀ ਹੈ'' ਫ਼ਰਮਾਇਆ ਕਿ ''ਸੰਤਾਨ ਦੀ ਬੁਰੀ ਘੜੀ ਵੀ ਬਹੁਤ ਭੈੜੀ ਘੜੀ ਹੈ । ਜੇਕਰ ਸੰਤਾਨ ਨੇਕ ਹੋਵੇ ਤਾਂ ਫਿਰ ਕਿਸ ਗੱਲ ਦੀ ਪਰਵਾਹ ਹੋ ਸਕਦੀ ਹੈ । ਰੱਬ ਆਪ ਫ਼ਰਮਾਉਂਦਾ ਹੈ ਕਿ ( وَهُوَيَتَوَلَّى الصّٰلِحِيْنَ) ਵ-ਹੁਵਾ ਯਤਾਵਲੱਸੱਾਲਿਹੀਨ' (ਅਲ ਆਰਾਫ਼-197) ਅਰਥਾਤ ਅਲੱਾਹ ਤਆਲਾ ਆਪਣੇ ਨੇਕ ਬੰਦਿਆਂ ਦਾ ਵਾਲੀ ਤੇ ਸੁਰੱਖਿਅਕ ਹੁੰਦਾ ਹੈ । ਜੇਕਰ ਬਦਬਖ਼ਤ (ਸੰਤਾਨ) ਹੈ ਤਾਂ ਲਖੱਾਂ ਰੁਪਏ ਉਸ ਲਈ ਛੱਡ ਜਾਓ ਉਹ ਬਦਕਾਰੀਆਂ ਵਿੱਚ ਤਬਾਹ ਕਰਕੇ ਫਿਰ ਕੰਗਾਲ ਹੋ ਜੇਏਗੀ ਅਤੇ ਉਹਨਾਂ ਔਕੁੜਾਂ ਤੇ ਮੁਸੀਬਤਾਂ ਵਿੱਚ ਪਏਗੀ ਜੋ ਉਸ ਲਈ ਲਾਜ਼ਮੀ ਹਨ।'' ਫ਼ਰਮਾਇਆ, ''ਜੋ ਵਿਅਕਤੀ ਆਪਣੀ ਰਾਏ ਨੂੰ ਰੱਬ ਦੀ ਰਾਏ ਤੇ ਇਛੱਾ ਨਾਲ ਸਾਂਝਾ ਕਰਦਾ ਹੈ, ਉਹ ਸੰਤਾਨ ਵੱਲੋਂ ਸੰਤੋਖੀ ਹੋ ਜਾਂਦਾ ਹੈ ਅਤੇ ਉਹ ਉਸੇ ਪ੍ਰਕਾਰ ਹੈ ਕਿ ਉਸ ਦੀ ਸਮਰਥਾ ਤੇ ਗੁਣਾ ਅਨੁਸਾਰ ਜਤਨ ਕਰੇ ਅਤੇ ਦੁਆਵਾਂ ਕਰੇ । ਇਸ ਅਵਸਥਾ ਵਿੱਚ ਰੱਬ ਉਸ ਦਾ ਆਪ ਵਾਲੀ ਤੇ ਸੁਰੱਖਿਅਕ ਹੋਵੇਗਾ ।'' ਉਸ ਨੂੰ ਆਪ ਸੰਭਾਲ ਲੈਏਗਾ, ਉਸ ਦਾ ਸੁਰੱਖਿਅਕ ਹੋ ਜਾਵੇਗਾ। ਉਸ ਦੀ ਸਮਰਥਾ ਤੇ ਗੁਣਾ ਲਈ ਜਤਨ ਕਰੇ ਅਰਥਾਤ ਉਸ ਦੀ ਸੀਖ ਸਿੱਖਿਆ ਵੱਲ ਬਹੁਤ ਧਿਆਨ ਦੇਵੇ । ਫ਼ਰਮਾਇਆ ਕਿ ''......ਹਜ਼ਰਤ ਦਾਊਦ ਅਲੈਹਿ ਸਲਾਮ ਦਾ ਇਕ ਕਥਨ ਹੈ ਕਿ ਮੈਂ ਬਚੱਾ ਸੀ ਜਵਾਨ ਹੋਇਆ

ਹੁਣ ਬੁਢੱਾ ਹੋ ਗਿਆ ਹਾਂ ਮੈਂ ਮੁਤੱਕੀ (ਸੰਜਮੀ) ਨੂੰ ਕਦੇ ਵੀ ਇਸ ਅਵਸਥਾ ਵਿੱਚ ਨਹੀਂ ਦੇਖਿਆ ਕਿ ਉਸ ਨੂੰ ਰਿਜ਼ਕ ਦੀ ਮਾਰ ਹੋਵੇ ਅਤੇ ਨ ਹੀ ਉਸ ਦੀ ਸੰਤਾਨ ਨੂੰ ਮੰਗਦਿਆਾਂ ਦੇਖਿਆ ਹੈ । ਰੱਬ ਤਾਂ ਕਈ ਪੁਸ਼ਤਾਂ ਤੱਕ ਰਿਆਇਤ ਰਖੱਦਾ ਹੈ । ਸੋ, ਆਪ ਨੇਕ ਬਣੋ ਅਤੇ ਆਪਣੀ ਸੰਤਾਨ ਲਈ ਇਕ ਚੰਗੀ ਉਧਾਰਣ ਨੇਕੀ ਤੇ ਤਕੱਵਾ (ਸੰਜਮਤਾ) ਦੀ ਬਣ ਜਾਓ'' (ਗੱਲ ਉਹੋ ਹੈ ਕਿ ਸੰਤਾਨ ਦਾ ਹੱਕ ਦੇਣ ਲਈ ਆਪਣੀ ਹਾਲਤ ਨੂੰ ਉਸ ਦੇ ਅਨੁਸਾਰ ਢਾਲ੍ਹਣਾ ਹੋਵੇਗਾ ਜਿਸ ਦੀ ਇਸਲਾਮ ਸਿੱਖਿਆ ਦਿੰਦਾ ਹੈ ਅਤੇ ਫਿਰ ਹੀ ਅਗਲੀ ਨਸਲ ਜੋ ਉਹ ਸਹੀ ਮਾਰਗ ਉਪੱਰ ਚਲੱਣ ਵਾਲੀ ਹੋਵੇਗੀ ਅਤੇ ਮਾਂਪਿਆਂ ਦੀ ਅੱਖਾਂ ਦੀ ਠੰਡਕ ਦਾ ਸਬਬ ਬਣੇਗੀ) ਆਪ ਫ਼ਰਮਾਉਂਦੇ ਹਨ ਕਿ ''ਆਪ ਨੇਕ ਬਣੋ ਅਤੇ ਆਪਣੀ ਸੰਤਾਨ ਲਈ ਇਕ ਨੇਕੀ ਤੇ ਸੰਜਮਤਾ ਦਾ ਇਕ ਚੰਗਾ ਨਮੂਨਾ ਬਣ ਜਾਓ ਅਤੇ ਉਸ ਨੂੰ ਸੰਜਮੀ ਤੇ ਨੇਕ ਬਨਾਉਣ ਲਈ ਜਤਨ ਤੇ ਦੁਆਵਾਂ ਕਰੋ । ਜਿੰਨ੍ਹੇ ਜਤਨ ਤੁਸੀਂ ਉਹਨਾ ਲਈ ਧਨ ਮਾਲ ਇਕਤੱਰ ਕਰਨ ਲਈ ਕਰਦੇ ਹੋ ਓਨ੍ਹੇ ਹੀ ਜਤਨ ਇਸ ਕੰਮ ਲਈ ਕਰੋ।'' ਫ਼ਰਮਾਇਆ ਕਿ ''..... ਸੋ, ਉਹ ਕੰਮ ਕਰੋ ਜੋ ਸੰਤਾਨ ਲਈ ਚੰਗਾ ਨਮੂਨਾ ਤੇ ਸਿੱਖਿਆ ਹੋਵੇ ਅਤੇ ਇਸ ਕੰਮ ਲਈ ਜ਼ਰੂਰੀ ਹੈ ਕਿ ਤੁਸੀਂ ਸਭ ਤੋਂ ਪਹਿਲਾਂ ਆਪਣਾ ਸੁਧਾਰ ਕਰੋ । ਜੇਕਰ ਤੁਸੀਂ ਉਤੱਮ ਦਰਜੇ ਦੇ ਸੰਜਮੀ ਤੇ ਪਰਹੇਜ਼ਗਾਰ ਬਣ ਜਾਓਗੇ ਅਤੇ ਰੱਬ ਨੂੰ ਰਾਜ਼ੀ ਕਰ ਲਓਗੇ ਤਾਂ ਨਿਸ਼ਚੇ ਕੀਤਾ ਜਾਂਦਾ ਹੈ ਕਿ ਰੱਬ ਤੁਹਾਡੀ ਸੰਤਾਨ ਦੇ ਨਾਲ ਵੀ ਚੰਗਾ ਮਾਮਲਾ ਕਰੇਗਾ।''

(ਮਲਫ਼ੂਜ਼ਾਤ ਜਿਲਦ 8, ਪੰਨ੍ਹਾ 108 ਤੋਂ 110, ਐਡੀਸ਼ਨ 1985 ਈ.ਛਾਪਾ ਇੰਗਲਿਸਤਾਨ)

ਜਿੱਥੇ ਇਸਲਾਮ ਪਿਤਾ ਨੂੰ ਇਹ ਕਹਿੰਦਾ ਹੈ ਕਿ ਆਪਣੇ ਬੱਚਿਆਂ ਦੀ ਤਰਬੀਯਤ ਵੱਲ ਧਿਆਨ ਦਿਓ ਅਤੇ ਉਹਨਾਂ ਲਈ ਦੁਆਵਾਂ ਕਰੋ ਓਥੇ ਬੱਚਿਆਂ ਨੂੰ ਵੀ ਹੁਕਮ ਦਿੰਦਾ ਹੈ ਕਿ ਤੁਹਾਡਾ ਵੀ ਕੁਝ ਕਰਤਵ ਹੈ । ਜੱਦ ਤੁਸੀਂ ਬਾਲਗ਼ (ਜਵਾਨ) ਹੋ ਜਾਓ ਤਾਂ ਮਾਂ ਬਾਪ ਦੇ ਵੀ ਤੁਹਾਡੇ'ਤੇ ਕੁਝ ਹੱਕ ਹਨ

ਉਹਨਾਂ ਨੂੰ ਤੁਸੀਂ ਪੂਰਾ ਕਰਨਾ ਹੈ ਇਹ ਰਿਸ਼ਤਿਆਂ ਦੇ ਹਕੱਾਂ ਦੀਆਂ ਕੜੀਆਂ ਹੀ ਹਨ ਜੋ ਇਕ ਦੂਜੇ ਨਾਲ ਜੁੜਨ ਕਰਕੇ ਅਮਨ ਭਰਪੂਰ ਵਾਤਾਵਰਣ ਪੈਦਾ ਕਰਦੀਆਂ ਹਨ ।

ਮਾਤਾ ਪਿਤਾ ਦੇ ਅਧਿਕਾਰ ਪੂਰੇ ਕਰਨ ਦੀ ਕਿੰਨ੍ਹੀ ਵੱਡੀ ਜ਼ਿੰਮੇਦਾਰੀ ਹੈ ਅਤੇ ਇਸ ਦੀ ਕਿੰਨ੍ਹੀ ਮਹਤੱਾ ਹੈ ਇਸ ਗੱਲ ਦੀ ਜਾਣਕਾਰੀ ਹਰ ਇਕ ਮੋਮਿਨ ਨੂੰ ਹੋਣੀ ਚਾਹੀਦੀ ਹੈ । ਇਕ ਲੜਕਾ ਜੱਦ ਬਾਲਗ਼ ਹੁੰਦਾ ਹੈ ਤਾਂ ਉਸ ਨੇ ਕਿਵੇਂ ਮਾਤਾ ਪਿਤਾ ਦੇ ਹੱਕ ਪੂਰੇ ਕਰਨੇ ਹਨ ਇਸ ਗਲ ਨੂੰ ਸਮਝਾਉਂਦਿਆਂ ਹੋਇਆਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ, ਅਬਦੁਲੱਾਹ ਬਿਨ ਉਮਰ ਤੋਂ ਰਿਵਾਇਤ ਹੈ ਕਿ ਇਕ ਵਿਅਕਤੀ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਕੇ ਬਿਨਤੀ ਕੀਤੀ ਕਿ ਮੈਂ ਜਿਹਾਦ ਵਿੱਚ ਜਾਣਾ ਚਾਹੁੰਦਾ ਹਾਂ, ਫ਼ਰਮਾਇਆ, ਕੀ ਤੇਰੇ ਮਾਂ ਬਾਪ ਜੀਉਂਦੇ ਹਨ ? ਉਸ ਨੇ ਕਿਹਾ, ਹਾਂ, ਜੀਉਂਦੇ ਹਨ ਤਾਂ ਆਪ ਨੇ ਫ਼ਰਮਾਇਆ ਕਿ ਉਹਨਾਂ ਦੋਹਾਂ ਦੀ ਸੇਵਾ ਕਰੋ ਇਹੋ ਤੁਹਾਡਾ ਜਿਹਾਦ ਹੈ ।

(ਸਹੀ ਅਲ ਬੁਖ਼ਾਰੀ, ਕਿਤਾਬੁਲ ਜਿਹਾਦ ਵ ਸੈਰ ਬਾਬੁਲ ਜਿਹਾਦ ਬਿ ਇਜ਼ਨਿਲ ਅਬਵੈਨ ਹਦੀਸ 3004)

ਸੋ, ਮਾਂਪਿਆਂ ਦੀ ਸੇਵਾ ਦੀ ਮਹਤੱਾ ਦਾ ਇਸ ਤੋਂ ਅਨੁਮਾਨ ਹੋ ਸਕਦਾ ਹੈ।

ਫਿਰ ਇਹੋ ਨਹੀਂ ਸਗੋਂ ਆਪੋ ਵਿੱਚ ਪ੍ਰੇਮ ਤੇ ਪਿਆਰ ਨੂੰ ਫ਼ੈਲਾਉਣ ਲਈ ਪਿਤਾ ਦੇ ਮਿਤੱਰਾਂ ਨਾਲ ਵੀ ਚੰਗਾ ਵਰਤਾਉ ਕਰਨ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਨ ਦਿੱਤਾ । ਇਉਂ ਇਕ ਮੌਕੇ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮਨੁੱਖ ਦੀ ਬਿਹਤਰੀਨ ਨੇਕੀ ਇਹ ਹੈ ਕਿ ਆਪ ਪਿਤਾ ਦੇ ਮਿਤੱਰਾਂ ਨਾਲ ਚੰਗਾ ਸੁਲੂਕ ਕਰੇ ਜੱਦ ਕਿ ਉਸ ਦਾ ਪਿਤਾ ਫ਼ੌਤ ਹੋ ਚੁਕਿਆ ਹੋਵੇ ।

(ਸੁਨਨ ਅਬੀ ਦਾਊਦ ਕਿਤਾਬੁਲ ਅਦਬ ਬਾਬ ਫ਼ੀ ਬਿਰੁੱਲ ਵਾਲਿਦੈਨ ਹਦੀਸ 5143)

ਫਿਰ ਇਸ ਗੱਲ ਨੂੰ ਵਧੇਰੇ ਵਿਸਥਾਰ ਨਾਲ ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜਿਸ ਦਾ ਰਿਵਾਇਤਾਂ ਵਿੱਚ ਇਉਂ ਵਰਨਣ ਮਿਲਦਾ ਹੈ । ਹਜ਼ਰਤ ਅਬੂ ਉਸਯੱਦ ਅਸੱਾਅਦੀ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਅਸੀਂ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਆਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਸਨ ਕਿ ਬਨੀ ਸਲਮਾ ਦਾ ਇਕ ਵਿਅਕਤੀ ਹਾਜ਼ਰ ਹੋਇਆ ਅਤੇ ਪੁਛੱਣ ਲਗੱਾ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ, ਮਾਤਾ ਪਿਤਾ ਦੀ ਮੌਤ ਦੇ ਬਾਦ ਕੋਈ ਅਜਿਹੀ ਨੇਕੀ ਹੈ ਜੋ ਮੈਂ ਉਹਨਾਂ ਲਈ ਕਰ ਸਕਾਂ । ਆਪ ਨੇ ਫ਼ਰਮਾਇਆ, ਹਾਂ, ਕਿਉਂ ਨਹੀਂ । ਤੁਸੀਂ ਉਹਨਾਂ ਲਈ ਦੁਆਵਾਂ ਕਰੋ, ਉਹਨਾਂ ਲਈ ਬਖਸ਼ਿਸ਼ ਮੰਗੋ । ਉਹਨਾਂ ਨੇ ਜੋ ਕਿਸੇ ਨਾਲ ਵਾਦੇ ਕੀਤੇ ਹੋਏ ਸਨ ਉਹਨਾਂ ਨੂੰ ਪੂਰਾ ਕਰੋ । ਉਹਨਾਂ ਦੇ ਸਾਕਾਂ ਸੰਬੰਧੀਆਂ ਨਾਲ ਉਸੇ ਪ੍ਰਕਾਰ ਮਿਹਰ ਤੇ ਨੇਕ ਸੁਲੂਕ ਕਰੋ ਜਿਵੇਂ ਉਹ ਆਪਣੇ ਜੀਵਨ ਵਿੱਚ ਉਹਨਾਂ ਨਾਲ ਕਰਦੇ ਸਨ ਅਤੇ ਉਹਨਾਂ ਦੇ ਮਿਤੱਰਾਂ ਨਾਲ ਸਨਮਾਨ ਨਾਲ ਪੇਸ਼ ਆਓ ।

(ਸੁਨਨ ਅਬੀ ਦਾਊਦ ਕਿਤਾਬੁਲ ਅਦਬ ਬਾਬ ਬਿਰੁੱਲ ਵਾਲਿਦੈਨ ਹਦੀਸ 5142)

ਫਿਰ ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਵਿਅਕਤੀ ਦੀ ਇਛੱਾ ਹੋਵੇ ਕਿ ਉਸ ਦੀ ਉਮਰ ਲੰਮੀ ਹੋਵੇ ਅਤੇ ਉਸ ਦਾ ਰਿਜ਼ਕ ਵਧਾ ਦਿੱਤਾ ਜਾਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਆਪ ਮਾਂਪਿਆਂ ਨਾਲ ਚੰਗਾ ਸੁਲੂਕ ਕਰੇ ਅਤੇ ਹਮਦਰਦੀ ਤੇ ਰਹਿਮ ਦੀ ਆਦਤ ਪਾਵੇ ।

(ਅਲ ਜਾਮਿਉਸ਼ਾਬੁਲ ਇਮਾਨ ਜਿਲਦ 10 ਪੰਨ੍ਹਾ 264-265 ਬਾਬ ਬਿਰੁੱਲ ਵਾਲਿਦੈਨ ਹਦੀਸ 7471 ਮਕਤਬਾਤੁਰੱਸ਼ੀਦ ਨਾਸ਼ਿਰੂਨ ਅੱਰਿਆਜ਼ 2004ਈ.)

ਸੋ, ਬੱਚੇ ਕੇਵਲ ਨਖ਼ਰੇ ਚੁਕੱਣ ਲਈ ਨਹੀਂ ਹਨ ਸਗੋਂ ਬਾਲਗ਼ ਹੋਣ'ਤੇ ਉਹਨਾਂ ਦੇ ਵੀ ਕੁਝ ਕਰਤਵ ਹਨ ਅਤੇ ਮਾਂ ਬਾਪ ਦੇ ਵੀ ਕੁਝ ਅਧਿਕਾਰ ਹਨ ਜੋ ਉਹਨਾਂ ਨੇ ਪੂਰੇ ਕਰਨੇ ਹਨ । ਵਿਆਹ ਦੇ ਬਾਦ ਵਿਸ਼ੇਸ਼

ਰੂਪ ਵਿੱਚ ਇਹਨਾ ਕਰਤਵਾਂ ਉਪੱਰ ਧਿਆਨ ਦੇਣਾ ਜ਼ਰੂਰੀ ਹੈ ਅਤੇ ਜੇਕਰ ਮਨੁੱਖ ਪਤਨੀ ਦੇ ਵੀ ਕਰਤਵ ਪੂਰੇ ਕਰ ਰਿਹਾ ਹੋਵੇ ਅਤੇ ਮਾਤਾ ਪਿਤਾ ਦੀ ਵੀ ਸੇਵਾ ਕਰ ਰਿਹਾ ਹੋਵ, ਅਤੇ ਪਤਨੀ ਨੂੰ ਵੀ ਸਮਝਦਾਰੀ ਨਾਲ ਇਹ ਅਹਿਸਾਸ ਦੁਆਏ ਕਿ ਸੱਸ ਸਹੁਰੇ ਦੀ ਕੀ ਮਹਤੱਾ ਹੈ ਅਤੇ ਆਪ ਵੀ ਆਪਣੇ ਸੱਸ ਸਹੁਰੇ ਦੀ ਸੇਵਾ ਅਤੇ ਉਸ ਦੀ ਮਹੱਤਾ ਨੂੰ ਜਾਣਦਾ ਹੋਵੇ ਤਾਂ ਘਰਾਂ ਵਿੱਚ ਜੋ ਕਈ ਵਾਰ ਝਗੜੇ ਪੈਦਾ ਹੋ ਰਹੇ ਹੁੰਦੇ ਹਨ ਕਦੇ ਪੈਦਾ ਹੀ ਨ ਹੋਣ ।

ਕਈ ਵਾਰ ਧਾਰਮਕ ਮਤਿਭੇਦ ਕਰਕੇ ਪਿਤਾ ਪੁਤੱਰ ਵਿੱਚ ਵੀ ਮਤਿਭੇਦ ਹੋ ਜਾਂਦਾ ਹੈ । ਕਈ ਨਵੇਂ ਆਉਣ ਵਾਲੇ ਹੁਣ ਵੀ ਇਹ ਪ੍ਰਸ਼ਨ ਕਰਦੇ ਹਨ । ਅਜਿਹੀ ਅਵਸਥਾ ਵਿੱਚ ਪੁਤੱਰਾਂ ਨੂੰ ਪਿਤਾ ਨਾਲ ਨੇਕ ਵਰਤਾਉ ਕਰਨਾ ਹੈ ਅਤੇ ਸੇਵਾ ਵੀ ਕਰਨੀ ਹੈ ਉਹਨਾਂ ਦੀ । ਇਕ ਵਾਰ ਬਟਾਲੇ ਦੇ ਸਫ਼ਰ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸ਼ੇਖ਼ ਅਬਦੁਰ ਰਹਮਾਨ ਸਾਹਬ ਨਾਲ ਉਹਨਾਂ ਦੇ ਪਿਤਾ ਬਾਰੇ ਹਾਲਾਤ ਪੁੱਛ ਰਹੇ ਸਨ ਅਤੇ ਇਸ ਦੇ ਬਾਦ ਨਸੀਹਤ ਕੀਤੀ ਕਿ "ਕਿ ਉਹਨਾਂ ਦੇ ਹੱਕ ਵਿੱਚ ਦੁਆਵਾਂ ਕਰਿਆ ਕਰੋ" (ਉਹ ਅਹਮਦੀ ਨਹੀਂ ਸਨ, ਗ਼ੈਰ ਮੁਸਲਿਮ ਸਨ) "ਹਰ ਪ੍ਰਕਾਰ ਜਿੱਥੋਂ ਤੱਕ ਸਮਰਥਾ ਹੈ ਮਾਪਿਆਂ ਦਾ ਦਿਲ ਜਿਤੱਣਾ ਹੈ ਅਤੇ ਉਹਨਾਂ ਨੂੰ ਪਹਿਲਾਂ ਤੋਂ ਹਜ਼ਾਰ ਗੁਣਾ ਵੱਧ ਚੰਗੇ ਆਚਰਣਾ ਤੇ ਪਵਿਤੱਰਤਾ ਦਾ ਨਮੂਨਾ ਦਿਖਾਕੇ ਇਸਲਾਮ ਦੀ ਸਚੱਾਈ ਲਈ ਰਜ਼ੀ ਕਰੋ । ਆਚਰਣਕ ਨਮੂਨਾ ਅਜਿਹਾ ਚਮਤਕਾਰ ਹੈ ਜਿਸਦੀ ਬਰਾਬਰੀ ਦੂਜੇ ਚਮਤਕਾਰ ਨਹੀਂ ਕਰ ਸਕਦੇ । ਸੱਚੇ ਇਸਲਾਮ ਦਾ ਇਹ ਮਿਆਰ ਹੈ ਕਿ ਇਸ ਨਾਲ ਮਨੁੱਖ ਉਤੱਮ ਦਰਜੇ ਦੇ ਆਚਰਣਾ'ਤੇ ਆ ਜਾਂਦਾ ਹੈ ਅਤੇ ਉਹ ਇਕ ਸਨਮਾਨ ਯੋਗ ਵਿਅਕਤੀ ਹੁੰਦਾ ਹੈ । ਸੰਭਵਤਾ ਰੱਬ ਤੁਹਾਡੇ ਰਾਹੀਂ ਉਹਨਾਂ ਦੇ ਦਿਲ ਵਿੱਚ ਇਸਲਾਮ ਦਾ ਪ੍ਰੇਮ ਪਾ ਦੇਵੇ । ਇਸਲਾਮ ਮਾਂਪਿਆਂ ਦੀ ਸੇਵਾ ਤੋਂ ਨਹੀਂ ਰੋਕਦਾ । ਸੰਸਾਰਕ ਕੰਮ ਜਿੰਨ੍ਹਾ ਨਾਲ ਧਾਰਮਕ ਕੰਮਾ ਦਾ ਹਰਜ ਨਹੀਂ ਹੁੰਦਾ ਉਹਨਾ ਦੀ ਹਰ ਪ੍ਰਕਾਰ

ਪੂਰੀ ਅਗਿਆਕਾਰੀ ਕਰਨੀ ਹੈ ਤਨ ਮਨ ਨਾਲ ਉਹਨਾਂ ਦੀ ਸੇਵਾ ਕਰੋ ।" (ਮਲਫ਼ੂਜ਼ਾਤ ਜਿਲਦ 4 ਪੰਨ੍ਹਾ 175, ਹਾਸ਼ੀਆ ਐਡੀਸ਼ਨ 1985 ਈ. ਛਾਪਾ ਇੰਗਲਿਸਤਾਨ) ਸੋ, ਇਹ ਸਾਧਾਰਣ ਉਸੂਲ ਵੀ ਹੈ ਕਿ ਪ੍ਰਚਾਰ ਵਿੱਚ ਨਰਮ ਭਾਸ਼ਾ ਵਰਤਨੀ ਚਾਹੀਦੀ ਹੈ ਅਤੇ ਉੱਤਮ ਆਚਰਣ ਦਿਖਾਉਣੇ ਚਾਹੀਦੇ ਹਨ ।

ਇਕ ਹੋਰ ਘਟਨਾ ਹੈ । ਏਥੇ ਬਾਪ ਵੀ ਮੁਸਲਮਾਨ ਹੈਂ । ਇਸ ਦਾ ਵਿਸਥਾਰ ਪੂਰਨ ਉੱਤਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਿਤੱਾ, "ਇਕ ਵਿਅਕਤੀ ਨੇ ਪ੍ਰਸ਼ਨ ਕੀਤਾ ਕਿ ਹੇ, ਹਜ਼ਰਤ ! ਮਾਤਾ ਪਿਤਾ ਦੀ ਸੇਵਾ ਅਤੇ ਉਹਨਾਂ ਦੀ ਆਗਿਆਕਾਰੀ ਰੱਬ ਨੇ ਮਨੁੱਖ ਉਪੱਰ ਫ਼ਰਜ਼ ਕੀਤੀ ਹੈ ਪਰ ਮੇਰੇ ਮਾਤਾ ਪਿਤਾ ਹਜ਼ੂਰ ਅਲੈਹਿ ਸਲਾਮ ਦੀ ਬੈਅਤ ਵਿੱਚ ਦਾਖ਼ਲ ਹੋਣ ਕਰਕੇ ਮੈਥੋਂ ਬਹੁਤ ਦੁਖੀ ਹਨ ਅਤੇ ਮੇਰੀ ਸ਼ਕਲ ਤੱਕ ਨਹੀਂ ਦੇਖਣਾ ਪਸੰਦ ਕਰਦੇ, ਸੋ, ਜੱਦ ਮੈਂ ਹਜ਼ੂਰ ਦੀ ਬੈਅਤ ਕਰਨ ਵਾਸਤੇ ਜੱਦ ਆਉਣ ਲਈ ਤਿਆਰ ਸੀ, ਤਾਂ ਉਹਨਾਂ ਨੇ ਮੈਂਨੂੰ ਕਿਹਾ ਕਿ ਸਾਡੇ ਨਾਲ ਪਤੱਰ ਵਿਹਾਰ ਵੀ ਨ ਕਰਨਾ ਅਤੇ ਹੁਣ ਅਸੀਂ ਤੁਹਾਡੀ ਸ਼ਕਲ ਵੀ ਦੇਖਣਾ ਪਸੰਦ ਨਹੀਂ ਕਰਦੇ । ਹੁਣ ਮੈਂ ਇਸ ਇਲਾਹੀ ਕਰਤਵ ਤੋਂ ਕਿਵੇਂ ਪਾਰ ਲੰਘ ਸਕਦਾ ਹਾਂ ।" (ਅਲੱਾਹ ਤਆਲਾ ਨੇ ਫ਼ਰਮਾਇਆ ਹੈ ਕਿ ਮਾਂਪਿਆਂ ਦੀ ਸੇਵਾ ਕਰੋ ਅਤੇ ਉਹ ਮੇਰੀ ਸ਼ਕਲ ਨਹੀਂ ਦੇਖਣਾ ਚਾਹੁੰਦੇ, ਸੰਬੰਧ ਨਹੀਂ ਰਖੱਣਾ ਚਾਹੁੰਦੇ ਤਾਂ ਮੈਂ ਇਸ ਸੇਵਾ ਨੂੰ ਇਸ ਫ਼ਰਜ ਨੂੰ ਕਿਵੇਂ ਪੂਰਾ ਕਰਾਂ) ਆਪ ਨੇ ਫ਼ਰਮਾਇਆ ਕਿ "ਕੁਰਆਨ ਕਰੀਮ ਜਿੱਥੇ ਮਾਤਾ ਪਿਤਾ ਦੀ ਆਗਿਆਕਾਰੀ ਅਤੇ ਸੇਵਾ ਦਾ ਹੁਕਮ ਦਿੰਦਾ ਹੈ ਓਥੇ ਇਹ ਵੀ ਫ਼ਰਮਾਉਂਦਾ ਹੈ ਕਿ

(رَبُّكُمْ اَعْلَمُ بِمَا فِيْ نُفُوْسِكُمْ ؕ اِنْ تَكُوْنُوْا صٰلِحِيْنَ فَاِنَّهٗ كَانَ لِلْاَوَّابِيْنَ غَفُوْرًا)

ਰਬੁੱਕੁਮ ਆਲਾਮੁ ਬਿਮਾ ਫ਼ੀ ਨੁਫ਼ੂਸਿਕੁਮ, ਇਨ ਤਕੂਨੂ ਸਾਲਿਹੀਨਾ ਫ਼-ਇਨੱਾਹੂ ਕਾਨਾ ਲਿਲ ਅਵੱਾਬੀਨਾ ਗ਼ਫ਼ੂਰਾ' (ਸੂਰਤ ਬਨੀ ਇਸਰਾਈਲ :26) ਕਿ ਅਲੱਾਹ ਚੰਗੀ ਤਰ੍ਹਾਂ ਜਾਣਦਾ ਹੈ ਜੋ ਕੁਝ ਤੁਹਾਡੇ ਦਿਲਾਂ ਵਿੱਚ ਹੈ, ਜੇਕਰ ਤੁਸੀ

ਨੇਕ ਹੋ ਤਾਂ ਉਹ ਆਪਣੇ ਵੱਲ ਝੁਕਣ ਵਾਲਿਆਂ ਲਈ ਬਖ਼ਸ਼ਣਹਾਰ ਹੈ । ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਨੂੰ ਵੀ ਅਜਿਹੀਆਂ ਕਠਿਨਾਈਆਂ ਆਈਆਂ ਸਨ ਕਿ ਧਾਰਮਕ ਮਜਬੂਰੀ ਕਰਕੇ ਉਹਨਾਂ ਦੀ ਉਹਨਾਂ ਦੇ ਮਾਂਪਿਆਂ ਨਾਲ ਮਤਿਭੇਦ ਹੋ ਗਿਆ । ਬਹਿਰਹਾਲ ਤੁਸੀਂ ਆਪਣੇ ਵੱਲੋਂ ਉਹਨਾਂ ਦੀ ਖ਼ੈਰੀਯਤ (ਸੁੱਖਸਾਂਦ) ਅਤੇ ਖ਼ਬਰਗੀਰੀ ਲਈ ਹਰ ਸਮੇਂ ਤਿਆਰ ਰਹੋ । ਜੱਦ ਕੋਈ ਮੌਕਾ ਮਿਲੇ ਉਸ ਨੂੰ ਹੱਥੋਂ ਨ ਜਾਣ ਦਿਓ । ਤੁਹਾਨੂੰ ਤੁਹਾਡੀ ਨੀਯਤ ਦਾ ਫਲ ਮਿਲਕੇ ਰਹੇਗਾ, ਜੇਕਰ ਕੇਵਲ ਧਰਮ ਦੀ ਖ਼ਾਤਰ ਅਤੇ ਰੱਬ ਦੀ ਰਜ਼ਾ ਨੂੰ ਮੁੱਖ ਰੱਖਦਿਆਂ ਹੋਇਆਂ ਮਾਤਾ ਪਿਤਾ ਨਾਲੋਂ ਵੱਖ ਹੋਣਾ ਪਿਆ ਹੈ ਤਾਂ ਇਹ ਇਕ ਮਜਬੂਰੀ ਹੈ। ਸੁਧਾਰ ਨੂੰ ਸਾਹਮਣੇ ਰੱਖੋ ਅਤੇ ਚੰਗੀ ਨੀਯਤ ਦਾ ਧਿਆਨ ਰੱਖੋ ਅਤੇ ਉਹਨਾਂ ਦੇ ਹੱਕ ਵਿੱਚ ਦੁਆਵਾਂ ਕਰਦੇ ਰਿਹਾ ਕਰੋ । ਇਹ ਮਾਮਲਾ ਅੱਜ ਕੋਈ ਨਵਾਂ ਨਹੀਂ ਪੇਸ਼ ਆਇਆ । ਹਜ਼ਰਤ ਇਬ੍ਰਾਹੀਮ ਅਲੈਹਿ ਸਲਾਮ ਨੂੰ ਵੀ ਅਜਿਹੀ ਹੀ ਘਟਨਾ ਪੇਸ਼ ਆਈ ਸੀ । ਹਾਂ, ਰੱਬ ਦਾ ਹੱਕ ਪਹਿਲਾਂ ਹੈ । ਸੋ, ਰੱਬ ਨੂੰ ਪਹਿਲ ਦਿਓ ਅਤੇ ਆਪਣੇ ਵੱਲੋਂ ਮਾਂਪਿਆਂ ਦੇ ਹੱਕ ਪੂਰੇ ਕਰਨ ਦੇ ਜਤਨ ਵਿੱਚ ਲੱਗੇ ਰਹੋ ਅਤੇ ਉਹਨਾਂ ਦੇ ਹੱਕ ਵਿੱਚ ਦੁਆ ਕਰਦੇ ਰਹੋ ਅਤੇ ਸਾਫ਼ ਨੀਯਤ ਦਾ ਧਿਆਨ ਰੱਖੋ''

(ਮਲਫ਼ੂਜ਼ਾਤ ਜਿਲਦ 10, ਪੰਨ੍ਹਾਂ 130 ਤੋਂ 131, ਐਡੀਸ਼ਨ 1985 ਈ.ਛਾਪਾ ਇੰਗਲਿਸਤਾਨ)

ਨੀਯਤ ਸਹੀ ਹੋਣੀ ਚਾਹੀਦੀ ਹੈ, ਸੋ, ਬਹੁਤ ਸਾਰੇ ਲੋਕ ਜੋ ਅੱਜ ਵੀ ਇਹ ਪ੍ਰਸ਼ਨ ਪੁਛੱਦੇ ਹਨ ਕਿ ਮਾਂਪਿਆਂ ਦੇ ਵੀ ਫ਼ਰਜ਼ ਹਨ, ਅਸੀਂ ਉਹਨਾਂ ਨੂੰ ਅਜਿਹੀ ਅਵਸਥਾ ਵਿੱਚ ਕਿਵੇਂ ਪੂਰਾ ਕਰੀਏ ? ਉਹਨਾਂ ਲਈ ਇਹ ਉੱਤਰ ਬਹੁਤ ਹੈ ।

ਬਹਿਰਹਾਲ ਇਕ ਪੁਰੁਸ਼ ਦੀਆਂ ਵੱਖ ਵੱਖ ਪਖੱਾਂ ਰਾਹੀਂ ਜੋ ਜ਼ਿੰਮੇਦਾਰੀਆਂ ਹਨ, ਉਹਨਾ ਨੂੰ ਉਸਨੂੰ ਪੂਰਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਆਪਣੇ ਘਰਾਂ ਨੂੰ ਇਕ ਅਜਿਹਾ ਨਮੂਨਾ ਬਨਾਉਣਾ ਚਾਹੀਦਾ ਹੈ ਕਿ ਜਿੱਥੇ ਪ੍ਰੇਮ ਤੇ ਪਿਆਰ ਦਾ ਵਾਤਾਵਰਣ ਹਰ ਸਮੇਂ ਬਣਿਆ ਰਹੇ । ਇਕ

ਪੁਰੁਸ਼ ਪਤੀ ਵੀ ਹੈ, ਪਿਤਾ ਵੀ ਹੈ, ਪੁਤੱਰ ਵੀ ਹੈ ਇਸ ਪੱਖੋਂ ਉਸ ਨੂੰ ਆਪਣੀਆਂ ਜ਼ਿੱਮੇਦਾਰੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਬਹੁਤ ਸਾਰੇ ਹੋਰ ਵੀ ਪੱਖ ਹਨ ਪੁਰੁਸ਼ਾਂ ਦੇ ਪਰ ਮੈਂ ਇਹ ਤਿੰਨ ਪੱਖ ਵਰਨਣ ਕੀਤੇ ਹਨ ਤਾਂ ਜੋ ਘਰਾਂ ਦੀ ਜੋ ਕਿ ਮੁਢੱਲੀ ਇਕਾਈ ਹੈ ਜੱਦ ਇਸ ਮੁਢੱਲੀ ਇਕਾਈ ਵਿੱਚ ਅਮਨ ਕਾਇਮ ਹੋਵੇ ਅਤੇ ਇਸ ਵਿੱਚ ਵੱਧ ਤੋਂ ਵੱਧ ਸੁੰਦਰਤਾ ਪੈਦਾ ਕਰਨ ਦਾ ਜਤਨ ਕੀਤਾ ਜਾਵੇ ਤਾਂ ਫਿਰ ਹੀ ਸਮਾਜ ਦੇ ਅਮਨ ਦਾ ਜ਼ਾਮਨ ਬਣਿਆ ਜਾ ਸਕਦਾ ਹੈ । ਅਲੱਹ ਤਆਲਾ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।